ਜਗਤਗੁਰੂ ਰਵਿਦਾਸ ਮਹਾਰਾਜ ਜੀ



ਸਤਿਗੁਰੂ ਸਰਵਣ ਦਾਸ ਮਹਾਰਾਜ ਜੀ



## ਰਵਿਦਾਸੀਆ ਕੌਮ ਦੇ ਅਮਰ ਸ਼ਹੀਦ


# ਸੰਤ ਰਾਮਾਨੰਦ ਜੀ



ਪ੍ਰਕਾਸ਼ਕ: ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ

ਲੇਖਕ: ਕਾਂਸ਼ੀ ਰਾਮ ਕਲੇਰ ਜੰਡੂਸਿੰਘਾ

# ਯਾਦਾਂ ਅਮਰ ਸ਼ਹੀਦ ਸੰਤ ਰਾਮਾਨੰਦ ਜੀ













# ਰਵਿਦਾਸੀਆ ਕੌਮ ਦੇ ਅਮਰ ਸ਼ਹੀਦ
## ਸੰਤ ਰਾਮਾਨੰਦ ਜੀ

ਨਿਸ਼ਾਨ ਸਾਹਿਬ

**ਰਵਿਦਾਸੀਆ ਧਰਮ**

**ਪ੍ਰਕਾਸ਼ਕ**

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,**

**ਜ਼ਿਲ੍ਹਾ ਜਲੰਧਰ (ਪੰਜਾਬ)**

# ਰਵਿਦਾਸੀਆ ਕੌਮ ਦੇ ਅਮਰ ਸ਼ਹੀਦ
# ਸੰਤ ਰਾਮਾਨੰਦ ਜੀ

ਲੇਖਕ :- ਕਾਂਸ਼ੀ ਰਾਮ ਕਲੇਰ 9815306544

**ਸਭ ਹੱਕ ਰਾਖਵੇਂ ਹਨ।**

**ਪਹਿਲੀ ਵਾਰ : 2018**
**ਛਪਣ ਦੀ ਗਿਣਤੀ : 1000**

ਪ੍ਰਕਾਸ਼ਕ :
**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ**
**ਕਾਹਨਪੁਰ, ਜਿਲ੍ਹਾ ਜਲੰਧਰ(ਪੰਜਾਬ)**

**ਕੀਮਤ:- 50 ਰੁਪਏ**

ਟਾਈਪਿੰਗ ਅਤੇ ਸੈਟਿੰਗ : ਕੈਂਥ ਆਰਟਸ

**ਪੁਸਤਕ ਛਾਪਣ ਦੀ ਸੇਵਾ :**
Shri Guru Ravidass Darbar BERGAMO (ITALY)
via Repubblica n 41 24060 Cividino (B.G)
gururavidassdarbar108@yahoo.it
cod.Fiscale 95121460166 banca-intesa sanpaolo
iban-IT 85T0306911130100000001773

**ਪ੍ਰਕਾਸ਼ਕ** :
**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,**
**ਜ਼ਿਲ੍ਹਾ ਜਲੰਧਰ (ਪੰਜਾਬ)**

# ਰਵਿਦਾਸੀਆ ਧਰਮ ਦੇ ਨਿਯਮ

(1) ਸਾਡਾ ਰਹਿਬਰ : ਸਤਿਗੁਰੂ ਰਵਿਦਾਸ ਮਹਾਰਾਜ ਜੀ

(2) ਸਾਡਾ ਧਰਮ : ਰਵਿਦਾਸੀਆ

(3) ਸਾਡੀ ਧਾਰਮਿਕ ਪੁਸਤਕ : ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ

(4) ਸਾਡਾ ਕੌਮੀ ਨਿਸ਼ਾਨ ਸਾਹਿਬ :

(5) ਸਾਡਾ ਸੰਬੋਧਨ : ਜੈ ਗੁਰਦੇਵ

(6) ਸਾਡਾ ਮਹਾਨ ਤੀਰਥ ਅਸਥਾਨ : ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਣਸੀ (ਯੂ.ਪੀ.)

(7) ਸਾਡਾ ਉਦੇਸ਼ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ-ਨਾਲ ਮਹਾਂਰਿਸ਼ੀ ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ।

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਥ

➢ **ਪ੍ਰਕਾਸ਼ ਦਿਹਾੜਾ :-**

ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ ਸੰਨ 1377 ਈ.।

➢ **ਜਨਮ ਸਥਾਨ :-**

ਸੀਰ ਗੋਵਰਧਨਪੁਰ, ਬਨਾਰਸ (ਯੂ.ਪੀ.)

➢ **ਮਾਤਾ ਪਿਤਾ ਜੀ ਦੇ ਨਾਮ :-**

ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ

ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ

➢ **ਦਾਦਾ ਦਾਦੀ ਜੀ ਦੇ ਨਾਮ :-**

ਦਾਦਾ ਸਤਿਕਾਰਯੋਗ ਸ਼੍ਰੀਮਾਨ ਕਾਲੂ ਰਾਮ ਜੀ

ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਜੀ

➢ **ਸੁਪਤਨੀ ਅਤੇ ਸਪੁੱਤਰ ਦਾ ਨਾਮ :-**

ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਜੀ

ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ

➢ **ਬ੍ਰਹਮਲੀਨ :-**

ਹਾੜ੍ਹ ਦੀ ਸੰਗਰਾਂਦ 1584 ਵਿਕਰਮੀ ਸੰਮਤ (1528 ਈ.) ਬਨਾਰਸ ਵਿਖੇ।

# ਸਮਰਪਿਤ

ਇਹ ਪੁਸਤਕ
“ਰਵਿਦਾਸੀਆ ਕੌਮ ਦੇ ਅਮਰ ਸ਼ਹੀਦ
ਸੰਤ ਰਾਮਾਨੰਦ ਜੀ
ਮੈਂ ਆਪਣੇ ਪੂਜਨੀਕ ਸਤਿਗੁਰੂ ਬ੍ਰਹਮਗਿਆਨੀ,
ਬ੍ਰਹਮਲੀਨ,ਗਰੀਬ ਨਿਵਾਜ਼ ਸ੍ਰੀ 108 ਸੰਤ ਗਰੀਬ
ਦਾਸ ਮਹਾਰਾਜ ਜੀ ਦੇ ਪਾਵਨ ਚਰਨਾਂ ਕਮਲਾਂ ਵਿੱਚ
ਇੱਕ ਸਾਹਿਤਕ ਸ਼ਰਧਾਂਜਲੀ ਵਜੋਂ ਭੇਂਟ ਕਰਦਾ ਹਾਂ।
ਜਿਨ੍ਹਾਂ ਦੀ ਅਪਾਰ ਕ੍ਰਿਪਾ, ਨਿੱਘੇ ਆਸ਼ੀਰਵਾਦ ਸਦਕਾ
ਕੁਝ ਲਿਖਣ ਦੇ ਸਮਰੱਥ ਹੋ ਸਕਿਆ ਹਾਂ।

ਲੇਖਕ

# ਦੋ ਸ਼ਬਦ

**ਰਵਿਦਾਸ ਸੋਈ ਸੂਰਾ ਭਲਾ ਜੋ ਲਰੈ ਧਰਮ ਕੇ ਹੇਤ॥**
**ਅੰਗ ਅੰਗ ਕੱਟ ਭੁਇ ਗਿਰੈ ਤਉ ਨਾ ਛਾਡੈ ਖੇਤ॥**

ਧੰਨ ਧੰਨ ਜਗਤਗੁਰੂ ਰਵਿਦਾਸ ਮਹਾਰਾਜ ਜੀ, ਜਿਨ੍ਹਾਂ ਨੇ ਇਸ ਸੰਸਾਰ ਵਿੱਚ ਆ ਕੇ ਸਭ ਜੀਵਾਂ ਨੂੰ ਭੇਦ-ਭਾਵ ਅਡੰਬਰਾਂ ਤੋ ਮੁਕਤ ਹੋ ਕੇ ਮਾਨਵ ਪ੍ਰੇਮ ,ਹਰਿ ਦੇ ਸਿਮਰਨ ਕਰਨ ਦੇ ਪਾਵਨ ਉਪਦੇਸ਼ ਬਖਸ਼ਿਸ਼ ਕੀਤੇ । ਜਿਥੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਪੀੜ੍ਹਤ ਸਮਾਜ ਵਿੱਚ ਆ ਕੇ ਇਸ ਦੇ ਸਾਰੇ ਬੰਧਨ ਕੱਟੇ ਉਥੇ ਨਾਲ ਹੀ ਮਾਨਵ ਵਿਰੋਧੀਆ ਨੂੰ ਵੀ ਸਤਿ ਉਪਦੇਸ਼ ਕਰਕੇ :

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥**

ਵਿਸ਼ਵ ਭਾਈਚਾਰੇ ਦਾ ਪਾਵਨ ਉਪਦੇਸ਼ ਦਿੱਤਾ, ਨਾਲ ਹੀ ਪੂਰੇ ਵਿਸ਼ਵ ਨੂੰ ਬੇਗਮਪੁਰਾ ਵਤਨ ਬਣਾਉਣ ਦਾ ਵੀ ਸੰਕਲਪ ਦਿੱਤਾ। ਐਸੇ ਮਹਾਨ ਕ੍ਰਾਂਤੀਕਾਰੀ ਜਗਤਗੁਰੂ ਰਵਿਦਾਸ ਜੀ ਦਾ ਆਗਮਨ ਮਾਘ ਸੁਦੀ ਪੰਦ੍ਰਾਸ 1377 ਈਸਵੀ (1433 ਬਿਕਰਮੀ ਸੰਮਤ) ਨੂੰ ਸੀਰ ਗੋਵਰਧਨਪੁਰ,ਵਾਰਾਨਸੀ ਸਤਿਕਾਰਯੋਗ ਪਿਤਾ ਸ਼੍ਰੀ ਸੰਤੋਖ ਦਾਸ ਜੀ, ਸਤਿਕਾਰਯੋਗ ਮਾਤਾ ਕਲਸੀ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਸਮਾਨਤਾ ਸਥਾਪਿਤ ਕਰਨ ਲਈ ਚੌਹਾਂ ਯੁੱਗਾਂ ਦੇ ਜੰਜੂ ਮਾਘ ਦੀ ਸੰਗਰਾਂਦ ਨੂੰ ਦਿਖਾ ਕੇ ਬਾਅਦ ਵਿਚ ਸੂਤ ਦਾ ਜਨੇਊ ਵੀ ਉਤਾਰ ਦਿੱਤਾ। ਵਿਸਾਖੀ ਦੇ ਇਤਿਹਾਸਕ ਪੁਰਬ ਤੇ ਗੰਗਾ-ਘਾਟ 'ਤੇ ਪੱਥਰ ਤਰਾਏ ਅਤੇ ਰਾਜਾ ਕੁੰਭਾ ਅਤੇ ਰਾਣੀ ਝਾਲਾਂ ਬਾਈ ਦੇ ਦਰਬਾਰ ਵਿਚ ਅਨੇਕਾਂ ਰੂਪ ਧਾਰਣ ਕਰਕੇ ਸੰਗਤ-ਪੰਗਤ ਦੀ ਪ੍ਰਥਾ ਸ਼ੁਰੂ ਕੀਤੀ। ਆਪ ਜੀ ਨੇ ਜੀਵਨ ਦਾ ਬਹੁਤ ਵੱਡਾ ਹਿੱਸਾ ਉਦਾਸੀਆਂ ਕਰਕੇ ਸਭ ਜੀਵਾਂ ਨੂੰ ਸਤਿ-ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਆਪ ਜੀ ਦੇ ਚਰਨ ਕਮਲਾਂ ਵਿੱਚ ਅਣਗਿਣਤ ਰਾਜੇ ਮਹਾਰਾਜੇ ਅਤੇ ਸਾਰੇ ਵਰਗਾ ਦੇ ਲੋਕ ਆਣ ਝੁਕੇ। ਆਪ ਹਾੜ੍ਹ ਦੀ ਸੰਗਰਾਂਦ 1584 ਬਿਕਰਮੀ ਸੰਮਤ 1528 ਈ. ਨੂੰ ਬਨਾਰਸ ਵਿਖੇ ਜੋਤੀ ਜੋਤ ਸਮਾਏ। ਜਗਤਗੁਰੂ ਰਵਿਦਾਸ ਜੀ ਨੂੰ ਭਗਤੀ ਦਾ ਸਿਰਮੌਰ ਸਮਝਦੇ ਹੋਏ ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ:

**ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸੀ ਸੋ ਮਾਨਿਆ**

ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੂ ਨਹੀਂ ਪਹਿਚਾਨਿਆ॥ ਭਾਵ-ਸੰਤਾਂ ਵਿੱਚ ਮਹਾਨ ਸੰਤ ਗੁਰੂ ਰਵਿਦਾਸ ਮਹਾਰਾਜ ਜੀ ਹਨ,ਜਿਨ੍ਹਾਂ ਨੂੰ ਦੁਨੀਆਂ ਇੱਕ ਮਹਾਨ ਰਿਸ਼ੀ ਮੰਨਦੀ ਹੈ। ਤਤਕਾਲੀ ਸਮੇਂ ਦੇ ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਚਰਨੀ ਪਏ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪ੍ਰਭੂ ਕਰਕੇ ਜਾਣਿਆ।

ਜਗਤਗੁਰੂ ਰਵਿਦਾਸ ਜੀ ਦੇ ਮਾਨਵਤਾ ਪ੍ਰਤੀ ਉਪਕਾਰ ਨੂੰ ਆਪਣੀ ਬਾਣੀ ਰਾਹੀਂ ਸੰਤ ਪੀਪਾ ਜੀ ਇਸ ਤਰ੍ਹਾਂ ਉਚਾਰਦੇ ਹਨ:-

**ਜੇ ਕਲਿ ਰੈਦਾਸ ਕਬੀਰ ਨ ਹੋਤੇ ਲੋਕ ਵੇਦ ਅਰੁ ਕਲਿਜੁਗ**

**ਮਿਲਿ ਕਰ ਭਗਤਿ ਰਸਾਤਲ ਦੇਤੇ।**

ਭਾਵ ਜੇਕਰ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਲੋੜ ਸਮੇਂ ਨਾ ਆਉਦੇ ਤਾਂ ਤਤਕਾਲੀ ਉੱਚ ਵਰਗ ,ਵੇਦ ਅਤੇ ਕਲਯੁੱਗੀ ਵਿਚਾਰਧਾਰਾ ਨੇ ਭਗਤੀ ਨੂੰ ਪਤਾਲ ਵਿੱਚ ਦਫ਼ਨਾ ਕਰ ਦੇਣਾ ਸੀ

**ਰਵਿਦਾਸ ਚਮਾਰੁ ਉਸਤਤਿ ਕਰੇ**

**ਹਰਿ ਕੀਰਤਿ ਨਿਮਖ ਇਕ ਗਾਇ॥**

**ਪਤਿਤ ਜਾਤਿ ਉਤਮੁ ਭਾਇਆ**

**ਚਾਰਿ ਵਰਨ ਪਏ ਪਗਿ ਆਇ॥**

ਸਤਿਗੁਰੂ ਰਾਮਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਸਤਿਗੁਰੂ ਰਵਿਦਾਸ  ਜੀ ਨੇ ਹਰਿ ਦੀ ਐਸੀ ਭਗਤੀ ਤੇ ਉਸਤਤਿ ਕੀਤੀ ਕਿ ਉਹ ਰੱਬ ਦੇ ਰੂਪ ਹੋ ਗਏ। ਦੁਨੀਆਂ ਦੀ ਨਜ਼ਰ ਵਿਚ (ਕਹਿਣ ਮਾਤਰ ਲਈ) ਤਾਂ ਉਹ ਨੀਚ ਸਨ,ਪਰੰਤੂ ਉਨ੍ਹਾਂ ਦੀ ਬੰਦਗੀ ਤੇ ਰੂਹਾਨੀਅਤ ਕਾਰਨ ਉਹ ਮਹਾਨ ਬਣੇ ਅਤੇ ਚਾਰ ਵਰਣਾਂ ਦੇ ਲੋਕ ਉਹਨਾਂ ਦੇ ਚਰਨੀਂ ਢਹਿ ਪਏ।ਸਤਿਗੁਰੂ ਅਰਜਨ ਦੇਵ ਜੀ ਆਪ ਜੀ ਦੀ ਉਸਤਤਿ ਕਰਦੇ ਹੋਏ ਫ਼ਰਮਾਉਂਦੇ ਹਨ:-

**ਊਚ ਤੇ ਊਚ ਨਾਮਦੇਉ ਸਮਦਰਸੀ।**

**ਰਵਿਦਾਸ ਠਾਕੁਰ ਬਣਿ ਆਈ॥**

ਭਾਵ-ਉੱਚੇ ਤੋਂ ਉੱਚੇ ਸਮਦ੍ਰਿਸ਼ਟੀ ਵਾਲੇ ਸਤਿਗੁਰੂ ਨਾਮਦੇਵ ਮਹਾਰਾਜ ਜੀ ਹੋਏ ਹਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਆਪ ਇਸ ਸੰਸਾਰ ਵਿਚ ਪ੍ਰਭੂ ਬਣ ਕੇ ਆਏ। ਜਗਤਗੁਰੂ ਰਵਿਦਾਸ ਮਹਾਰਾਜ ਜੀ ਅੰਮ੍ਰਿਤਬਾਣੀ ਅੰਦਰ ਉਚਾਰਨ ਕਰਦੇ ਹਨ:- ਮੇਰੀ ਜਾਤਿ ਕੁਟ ਬਾਂਡਲਾ ਢੋਰ ਢੋਵੰਤਾ।

**ਨਿਤਹਿ ਬਨਾਰਸੀ ਆਸ ਪਾਸਾ॥**

**ਅਬ ਬਿਪ੍ਰ ਪਰਧਾਨੁ ਤਿਹਿ ਕਰਹਿ ਡੰਡਉਤਿ।**

**ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥**

ਭਾਵ ਮੇਰਾ ਜਨਮ ਉਨ੍ਹਾਂ ਵਿਚ ਹੋਇਆ ਜੋ ਬਨਾਰਸ ਦੇ ਆਸ-ਪਾਸ ਨਿਤਪ੍ਰਤੀ ਮਰੇ ਹੋਏ ਪਸ਼ੂ ਢੋਂਦੇ ਸਨ,ਪਰ ਮੈਂ ਪ੍ਰਭੂ ਦੇ ਨਾਮ ਦੀ ਸ਼ਰਨ ਲਈ ਹੈ। ਅੱਜ ਬਿਪ੍ਰਾਂ ਦੇ ਪ੍ਰਧਾਨ ਲੋਕ ਮੈਨੂੰ ਡੰਡੇ ਵਾਂਗ ਸਿੱਧੇ ਲੇਟ ਕੇ ਨਮਸਕਾਰਾਂ ਕਰਦੇ ਹਨ। ਜਗਤਗੁਰੂ ਰਵਿਦਾਸ ਮਹਾਰਾਜ

ਜੀ ਦੇ ਕਲਿਆਣਕਾਰੀ ਉਪਦੇਸ਼ਾਂ ਨੂੰ ਸ੍ਰਵਣ ਕਰਕੇ ਰਾਜਾ ਨਾਗਰ ਮੱਲ(ਹਰਦੇਵ ਸਿੰਘ), ਰਾਣਾ ਵੀਰ ਬਘੇਲ ਸਿੰਘ, ਰਾਜਾ ਸਿਕੰਦਰ ਲੋਧੀ,ਮਹਾਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾ) ਰਾਜਾ ਚੰਦਰ ਪ੍ਰਤਾਪ,ਰਾਜਾ ਅਲਾਵਦੀ ਬਾਦਸ਼ਾਹ,ਰਾਜਾ ਬਜਲੀਖਾਨ, ਰਾਣਾ ਰਤਨ ਸਿੰਘ, ਮਹਾਰਾਣਾ ਕੁੰਭਾ ਜੀ, ਮਹਾਰਾਣੀ ਝਾਲੀਬਾਈ, ਮਹਾਨ ਸੰਤ ਮੀਰਾ ਬਾਈ ਜੀ, ਬੀਬੀ ਕਰਮਾਂ ਬਾਈ ਜੀ,ਬੀਬੀ ਭਾਨ ਮਤੀ ਤੇ ਮਹਾਨ ਸੰਤ ਗੋਰਖ ਨਾਥ ਜੀ ਸਹਿਤ ਚਰਨਾਂ ਵਿਚ ਆਏ।

ਮਾਨਵਤਾ ਦੇ ਮਸੀਹਾ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਸਤਿਗੁਰੂ ਜੀ ਦੇ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ' ਦੇ ਮਾਨਵੀ ਅਧਿਕਾਰਾਂ ਦੇ ਸਿਧਾਂਤਾਂ 'ਤੇ ਕੀਤੀ। ਉਸੇ ਪ੍ਰਕਾਰ ਯੂ. ਐਨ. ਓ. ਨੇ ਟੋਰਾਂਟੋ (ਕੈਨੇਡਾ) ਵਿਚ ਐਲਾਨ ਕੀਤਾ ਕਿ ਸੰਸਾਰ ਵਿਚ ਸਾਰੇ ਨਾਗਰਿਕ ਅਧਿਕਾਰ ਅਤੇ ਸੰਸਾਰ ਦੀ ਵਿਵਸਥਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ; ਦੇ ਆਧਾਰ 'ਤੇ ਹੋਵੇਗੀ।

**ਰਵਿਦਾਸ ਸੋਇ ਸਾਧੂ ਭਲੋ,ਜਉ ਰਹਹਿ ਸਦ ਨਿਰਵੈਰ।**

**ਸੁਖਦਾਈ ਸਮਤਾ ਗਹੇਇ ਸਭਨਹ ਮਾਂਗਹਿ ਖੇਰ॥**

ਐਸੇ ਮਹਾਨ ਪਰਉਪਕਾਰੀ ਤਪੱਸਵੀ ਬ੍ਰਹਮ ਗਿਆਨੀ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਜਿਹਨਾਂ ਨੇ ਜਿੱਥੇ ਬੱਲਾਂ ਦੀ ਪਾਵਨ ਧਰਤੀ 'ਤੇ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕੀਤਾ ਅਤੇ ਸੰਸਾਰੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਵਾਇਆ। ਆਪ ਜੀ ਹਮੇਸ਼ਾਂ ਸੰਗਤਾਂ ਨੂੰ ਵਿੱਦਿਆ ਪੜ੍ਹਾਉਣ ਦਾ ਅਤੇ ਮਾਤਾ ਪਿਤਾ ਦੀ ਸੇਵਾ ਕਰਨ,ਵੱਡਿਆਂ ਦਾ ਸਤਿਕਾਰ ਕਰਨ ਦਾ ਪਾਵਨ ਉਪਦੇਸ਼ ਦਿਆ ਕਰਦੇ ਸਨ। ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਨੇ ਪਿੰਡ ਬੱਲਾਂ ਵਿਖੇ ਡੇਰੇ ਦੀ ਉਸਾਰੀ ਕਰਵਾਈ । 2 ਫਰਵਰੀ 1964 ਨੂੰ ਡੇਰਾ ਰਵਿਦਾਸੀਆ ਦਾ ਲਿਖ ਕੇ ਸਮਾਜ ਦੀ ਪਹਿਚਾਣ ਨੂੰ ਅਗਾਂਹ ਤੋਰਿਆਂ ਅਤੇ ਉਚਾਰਿਆ ਕਿ ਇੱਕ ਦਿਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਗ੍ਰੰਥ ਬਣੇਗਾ। ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਬਾਅਦ ਆਪਣੀ ਦਿਵ ਦ੍ਰਿਸ਼ਟੀ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਖੋਜ ਕੀਤੀ ਅਤੇ ਹਾੜ੍ਹ ਦੀ ਸੰਗਰਾਂਦ 1965 ਈ. ਨੂੰ ਸ੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਪਾਸੋਂ-ਨੀਂਹ-ਪੱਥਰ ਰਖਵਾਏ ਅਤੇ ਸ੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਤੋਂ ਉਸਾਰੀ ਦੇ ਕਾਰਜ ਕਰਵਾ ਕੇ ਸਮਾਜ ਨੂੰ ਇੱਕ ਮਹਾਨ ਤੀਰਥ ਅਸਥਾਨ ਬਖਸ਼ਿਸ਼ ਕੀਤਾ ਅਤੇ ਉਚਾਰਨ ਕੀਤਾ ਇਸ ਸਥਾਨ ਤੇ ਸੰਗਤਾਂ ਵਿਸ਼ਵ ਪੱਧਰ ਤੋਂ ਇਕੱਠੀਆਂ ਹੋਇਆਂ ਕਰਨਗੀਆਂ। 24 ਮਈ ਨੂੰ ਮਾਨਵ ਵਿਰੋਧੀਆਂ ਨੇ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਆਨਾ ਵਿਖੇ ਹਮਲਾ ਕੀਤਾ। 25 ਮਈ ਨੂੰ ਅੰਮ੍ਰਿਤ ਵੇਲੇ ਰਵਿਦਾਸੀਆ ਕੌਮ ਲਈ ਸੰਤ ਰਾਮਾਨੰਦ ਮਹਾਰਾਜ ਜੀ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ। ਰਵਿਦਾਸੀਆ ਕੌਮ ਨੇ ਪੂਰੇ ਵਿਸ਼ਵ ਵਿੱਚ ਰੋਸ ਪ੍ਰਗਟ ਕਰਕੇ ਆਪਣੀ ਤਾਕਤ ਦਾ ਪਤਾ ਲਗਾਇਆ,ਜਿਸ ਵਿਚੋਂ

25 ਕਰੋੜ ਤੋਂ ਵੱਧ ਗਿਣਤੀ ਵਿਚ ਰਵਿਦਾਸੀਆ ਕੌਮ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ 633ਵੇਂ ਆਗਮਨ ਪੁਰਬ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਤ ਸਮਾਜ ਅਤੇ ਲੱਖਾਂ ਦੀ ਗਿਣਤੀ ਵਿਚ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਤੋਂ ਰਵਿਦਾਸੀਆ ਧਰਮ ਦੇ ਨਾਂ ਨਾਲ ਪਹਿਚਾਣ ਮਿਲੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਸਦੀ ਦੇ ਸਭ ਤੋਂ ਵੱਡੇ ਚੰਦਰਮਾ ਦੇ ਵਿਚ ਦਰਸ਼ਨ ਦੇ ਕੇ ਆਸ਼ੀਰਵਾਦ ਦਿੱਤੇ । ਰਵਿਦਾਸੀਆ ਧਰਮ ਦਾ ਪ੍ਰਚਾਰ ਪ੍ਰਸਾਰ ਸਾਰੇ ਵਿਸ਼ਵ ਵਿੱਚ ਹੋ ਰਿਹਾ ਹੈ ਅਤੇ ਅੰਮ੍ਰਿਤਬਾਣੀ ਗ੍ਰੰਥ ਦੇ ਪ੍ਰਕਾਸ਼ ਲੱਖਾਂ ਦੀ ਗਿਣਤੀ ਵਿੱਚ ਪੂਰੇ ਵਿਸ਼ਵ ਵਿੱਚ ਹੋ ਰਹੇ ਹਨ। ਅੰਮ੍ਰਿਤਬਾਣੀ ਗ੍ਰੰਥ ਦੀ ਵਿਅਖਿਆ ਪੰਜਾਬੀ , ਹਿੰਦੀ, ਅੰਗਰੇਜੀ, ਮਰਾਠੀ,ਡੱਚ,ਇਟਾਲੀਅਨ ਅਤੇ ਹੋਰ ਅਨੇਕਾਂ ਭਾਸ਼ਾਵਾਂ ਵਿੱਚ ਹੋ ਚੁੱਕਾ ਹੈ। ਸੁਖਸਾਗਰ ਗੁਟਕੇ ਅਨੇਕਾਂ ਭਾਸ਼ਾਵਾ ਲੱਖਾਂ ਦੀ ਗਿਣਤੀ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।

ਪੁਸਤਕ ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਜਿਸ ਨੂੰ ਕਾਂਸ਼ੀ ਰਾਮ ਕਲੇਰ ਜੀ ਨੇ ਬਹੁਤ ਮਿਹਨਤ ਨਾਲ ਤਿਆਰ ਕੀਤਾ ਹੈ । ਆਸ ਕਰਦੇ ਹਾ ਕਿ ਸੰਗਤਾਂ ਇਸ ਤੋਂ ਭਰਪੂਰ ਲਾਭ ਪ੍ਰਾਪਤ ਕਰ ਆਪਣਾ ਜੀਵਨ ਸਫ਼ਲ ਕਰਨਗੀਆਂ ਅਤੇ ਰਵਿਦਾਸੀਆਂ ਧਰਮ ਦੇ ਪ੍ਰਚਾਰ ਪ੍ਰਸਾਰ ਹਿੱਤ ਆਪਣਾ ਯੋਗਦਾਨ ਪਾਉਣਗੀਆਂ ।

**ਜੈ ਗੁਰਦੇਵ।**

ਗੁਰੂ ਚਰਨਾਂ ਦਾ ਦਾਸ
**ਸੰਤ ਸੁਰਿੰਦਰ ਦਾਸ ਬਾਵਾ**
**ਚੇਅਰਮੈਨ**
ਰਵਿਦਾਸੀਆ ਧਰਮ ਪ੍ਰਚਾਰਕ ਸੰਤ ਸਮਾਜ ਸੁਸਾਇਟੀ(ਰਜਿ.)
ਅੰਤਰ-ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)

# ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਦਾ ਸੰਖੇਪ ਇਤਿਹਾਸ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜ਼ਿਲ੍ਹਾ ਜਲੰਧਰ ਵਿਚ ਜਲੰਧਰ ਤੋਂ ਪਠਾਨਕੋਟ ਜਾਂਦੀ ਜਰਨੈਲੀ ਸੜਕ 'ਤੇ ਸਥਿਤ ਹੈ। ਇਸ ਅਸਥਾਨ ਦੀ ਉਸਾਰੀ ਇਥੋਂ ਦੇ ਸਰਪ੍ਰਸਤ ਰਵਿਦਾਸੀਆ ਧਰਮ ਦੇ ਅਨਮੋਲ ਹੀਰੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਕਰਵਾਈ ਜਿਸ ਦਾ ਨੀਂਹ ਪੱਥਰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਸਤਿਕਾਰਯੋਗ ਸ਼੍ਰੀ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ(ਗੱਦੀਨਸ਼ੀਨ) ਡੇਰਾ ਸ਼੍ਰੀ 108 ਸੰਤ ਹਰੀਦਾਸ ਮਹਾਰਾਜ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ 27 ਮਾਰਚ 2014 ਨੂੰ ਰੱਖਿਆ,ਜਿਸ ਲਈ ਇਕ ਪਲਾਟ ਸ਼੍ਰੀ ਐਮ.ਡੀ.ਮੰਗਾ ਸਰਪੰਚ ਕਾਹਨਪੁਰ ਦੇ ਪਰਿਵਾਰ ਵੱਲੋਂ ਦਾਨ ਵਜੋਂ ਦਿੱਤਾ ਗਿਆ। ਇਸ ਸਮੇਂ ਇਲਾਕੇ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਇਹੋ ਹੀ ਕਾਰਨ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਨਾਮਲੇਵਾ ਸੰਗਤਾਂ ਨੇ ਕਾਰ ਸੇਵਾ ਰਾਹੀਂ ਸਾਲਾਂ ਵਿਚ ਹੋਣ ਵਾਲੇ ਕੰਮ ਨੂੰ ਮਹੀਨਿਆਂ ਵਿਚ ਕਰਕੇ ਤਿਆਰ ਕੀਤਾ। ਅੱਜ ਇਸ ਅਸਥਾਨ 'ਤੇ ਦੂਰ ਦੁਰਾਡੇ ਤੋਂ ਸੰਤ ਮਹਾਂਪੁਰਸ਼,ਸਮਾਜਿਕ ਤੇ ਧਾਰਮਿਕ ਸਭਾਵਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਮਲੇਵਾ ਸੰਗਤਾਂ ਪਹੁੰਚਦੀਆਂ ਹਨ। ਇੱਕ ਛੋਟੇ ਜਿਹੇ ਪਿੰਡ ਵਿਚ ਬੁਲੰਦੀਆ ਨੂੰ ਛੂੰਹਦਾ ਇਹ ਅਸਥਾਨ ਪੂਰੇ ਵਿਸ਼ਵ ਵਿਚ ਆਪਣੀਆਂ ਕਿਰਨਾਂ ਬਿਖੇਰ ਰਿਹਾ ਹੈ। ਸੰਗਤਾਂ ਵਿਚ ਵਧਦੇ ਹੋਏ ਪ੍ਰਚਾਰ ਅਤੇ ਪ੍ਰਸਾਰ ਨੂੰ ਦੇਖਦੇ ਹੋਏ ਯੂਰਪ ਦੀਆਂ ਸੰਗਤਾਂ ਵੱਲੋਂ ਵਲੋਂ ਇਸ ਅਸਥਾਨ ਦੇ ਸੰਸਥਾਪਕ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਇਕ ਸਫ਼ਾਰੀ ਗੱਡੀ 01-01-15 ਨੂੰ ਭੇਂਟ ਕੀਤੀ ਗਈ ਤਾਂ ਕਿ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਹੋਰ ਤੇਜ਼ ਹੋ ਸਕੇ। ਦੋ ਮੰਜ਼ਲੀ ਵੱਡੇ ਹਾਲ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਇਕ ਸੰਗੀਤ ਅਕੈਡਮੀ ਖੋਲ੍ਹੀ ਗਈ ਹੈ,ਜਿਸ ਵਿਚ ਸੰਗੀਤ ਦੇ ਧਨੀ ਅਧਿਆਪਕ ਹਰਮੋਨੀਅਮ ਅਤੇ ਤਬਲੇ ਬਾਰੇ ਵਿਸ਼ੇਸ਼ ਸਿੱਖਿਆ ਦੇ ਰਹੇ ਹਨ ਜਿਸ ਵਿਚ ਕਰੀਬ 50 ਲੜਕੇ-ਲੜਕੀਆਂ ਇਸ ਅਕੈਡਮੀ ਦਾ ਲਾਹਾ ਲੈ ਰਹੇ ਹਨ ਅਤੇ ਇਕ ਹੋਰ ਅਕੈਡਮੀ ਪਿੰਡ ਮਦਾਰ ਵਿਖੇ ਵੀ ਚਾਲੂ ਕੀਤੀ ਗਈ ਹੈ। ਜਿਸ ਦਾ ਸਾਰਾ ਖਰਚਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਸੰਗਤਾਂ ਦੇ ਸਹਿਯੋਗ ਸਦਕਾ ਕੀਤਾ ਜਾ ਰਿਹਾ ਹੈ। ਰਵਿਦਾਸੀਆ ਧਰਮ ਪ੍ਰਚਾਰ ਅਸਥਾਨ 'ਤੇ ਦੁਖੀਆਂ ਰੋਗੀਆਂ ਦੀ ਮਾਇਕ ਮਦਦ ਦਵਾਈਆਂ ਆਦਿ ਰਾਹੀਂ ਕੀਤੀ ਜਾਂਦੀ ਹੈ। ਬੇਰੁਜ਼ਗਾਰ ਬੱਚਿਆਂ ਨੂੰ ਸੇਧ ਦੇ ਕੇ ਵੱਖਰੇ-ਵੱਖਰੇ ਕੋਰਸਾਂ ਅਤੇ ਕਿੱਤਾ-ਮੁਖੀ ਕੋਰਸਾਂ ਨਾਲ ਜੋੜਿਆ ਜਾਂਦਾ ਹੈ ਅਤੇ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ।

ਪਿੰਡ ਕਾਹਨਪੁਰ ਵਿਖੇ ਬਾਬਾ ਪਿੱਪਲ ਦਾਸ ਮਹਾਰਾਜ ਜੀ ਬਾਲਕ ਸੰਤ ਸਰਵਣ ਦਾਸ ਜੀ ਨੂੰ ਨਾਲ ਲੈ ਕੇ ਆਏ ਸਭ ਤੋਂ ਪਹਿਲਾਂ ਆਏ ਜਦੋਂ ਕੁਟੀਆ ਬਨਾਉਣ ਲਈ ਨੀਂਹ ਪੁਟਣੀ ਸ਼ੁਰੂ ਕੀਤੀ ਤਾਂ ਉਥੋ ਡਮੂੰਹੀ ਨਿਕਲੀ ਮਹਾਰਾਜ ਨੇ ਕਿਹਾ ਕਿ ਅਸੀਂ ਕਿਸੇ ਦਾ ਘਰ

ਉਜਾੜ ਕੇ ਆਪਣਾ ਘਰ ਕਿਵੇਂ ਬਣਾ ਸਕਦੇ ਹਾਂ ਇਹ ਬੋਲ ਕੇ ਅਗਲੇ ਪਿੰਡ ਚਲੇ ਗਏ ਅਤੇ ਬਚਨ ਕੀਤੇ ਅਸੀਂ ਫਿਰ ਆਵਾਂਗੇ ਆਪਣਾ ਅਸਥਾਨ ਬਣਾਵਾਂਗੇ। ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਪਿਤਾ ਸ਼੍ਰੀ ਗੁਰਦਾਸ ਰਾਮ ਜੀ ਤੇ ਬੀਬੀ ਗੁਰਬਚਨ ਕੌਰ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਸ਼ਰਧਾਲੂ ਸਨ।ਇਨ੍ਹਾਂ ਦੇ ਗ੍ਰਹਿ ਵਿਖੇ ਸਤਿਗੁਰੂ ਜੀ ਕਈ ਰਾਤਾਂ ਰੁਕੇ।ਇਕ ਸਮੇਂ 1972 ਈ: ਨੂੰ ਬੀਬੀ ਗੁਰਬਚਨ ਕੌਰ ਬਿਮਾਰ ਹੋ ਗਏ। ਡਾਕਟਰਾਂ ਨੇ ਜਵਾਬ ਦੇ ਦਿੱਤਾ। ਸਤਿਗੁਰੂ ਜੀ ਆਪ ਸੰਗਤਾਂ ਸਮੇਤ ਸਿਵਲ ਹਸਪਤਾਲ ਜਲੰਧਰ ਜਾ ਕੇ ਬੀਬੀ ਗੁਰਬਚਨ ਕੌਰ ਦੀ ਜਾਨ ਬਚਾਈ ਅਤੇ ਵਰ ਦਿੱਤਾ ਕਿ ਇਸ ਪੁੱਤਰ ਨੂੰ ਨਹੀਂ ਰੋਣਾ ਤੇਰੇ ਦੋ ਪੁੱਤਰ ਹੋਰ ਹੋਣਗੇ।ਬੀਬੀ ਜੀ ਨੇ ਉਸ ਸਮੇਂ ਹੀ ਵੱਡੇ ਸਪੁੱਤਰ ਨੂੰ ਸਤਿਗੁਰੂ ਸਰਵਣ ਦਾਸ ਜੀ ਦੇ ਚਰਨਾ ਵਿਚ ਭੇਂਟ ਕੀਤਾ।

ਸੇਵਾ ਭਾਵਨਾ ਦੀ ਗੁੜ੍ਹਤੀ ਆਪ ਜੀ ਨੂੰ ਮਾਤਾ-ਪਿਤਾ ਜੀ ਵਲੋਂ ਹੀ ਪ੍ਰਾਪਤ ਹੋਈ ਹੈ। ਆਪ ਜੀ ਦੇ ਸਤਿਕਾਰਯੋਗ ਮਾਤਾ-ਪਿਤਾ ਸਤਿਗੁਰੂ ਸਰਵਣ ਦਾਸ ਜੀ ਦੇ ਅਨਿੰਨ ਭਗਤ ਸਨ ਅਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਪੂਰਾ ਆਸ਼ੀਰਵਾਦ ਆਪ ਜੀ ਦੇ ਪਿਤਾ(ਦੁਨਿਆਵੀ) ਸ਼੍ਰੀ ਗੁਰਦਾਸ ਰਾਮ ਜੀ ਨੂੰ ਪ੍ਰਾਪਤ ਸੀ। ਜਿਸ ਦੀ ਇਕ ਮਿਸਾਲ ਆਪ ਜੀ ਨੂੰ ਇੱਥੇ ਦੱਸ ਰਹੇ ਹਾਂ ਕਿ ਜਿਸ ਵਕਤ ਸੁਆਮੀ ਸਰਵਣ ਦਾਸ ਜੀ ਮਹਾਰਾਜ 11 ਜੂਨ 1972 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਚੋਲਾ ਛੱਡ ਕੇ ਬ੍ਰਹਮਲੀਨ ਹੋ ਗਏ। ਸਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ।ਦੇਸਾਂ ਪ੍ਰਦੇਸਾਂ ਤੋਂ ਸੰਗਤਾਂ ਸਤਿਗੁਰੂ ਜੀ ਦੇ ਅੰਤਿਮ ਦਰਸ਼ਨਾ ਲਈ ਜੁੜੀਆਂ ਹੋਈਆਂ ਸਨ।ਚਿਖਾ ਨੂੰ ਅਗਨੀ ਭੇਂਟ ਕਰਨ ਦੀਆਂ ਤਿਆਰੀਆਂ ਸਨ। ਚਿਖਾ ਵਿਚ ਦੇਸੀ ਘਿਓ,ਚੰਦਨ ਦੀ ਲੱਕੜੀ,ਧੂਫ਼,ਠੂਠੀ,ਸਮੱਗਰੀ ਆਦਿ ਪਾਇਆ ਜਾ ਰਿਹਾ ਸੀ।ਅਗਨੀ ਭੇਂਟ ਕਰਨ ਲਈ ਅਰਦਾਸ ਸਮਾਪਤ ਹੋ ਚੁੱਕੀ ਸੀ।ਉੱਥੇ ਮੌਜੂਦ ਵਿਅਕਤੀਆਂ ਮੁਤਾਬਕ ਬ੍ਰਹਮਲੀਨ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੇ ਪੰਜ ਭੂਤਕ ਸਰੀਰ ਵਿਚੋਂ ਖੂਨ ਦੀਆਂ ਧਾਰਾਂ ਨਿਕਲੀਆਂ ਜੋ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਕੁਝ ਖੂਨ ਦੇ ਤੁਬਕੇ ਡਿੱਗੇ ਇਹ ਇੱਕ ਵਿਚਾਰਨਯੋਗ ਗੱਲ ਹੈ ਕਿ ਇਹ ਤੁਬਕੇ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਹੀ ਕਿਉਂ ਡਿੱਗੇ? ਤੇ ਫਿਰ... ਸਤਿਗੁਰ ਸਰਵਣ ਦਾਸ ਮਹਾਰਾਜ ਜੀ ਦੇ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਪੂਰੇ 9 ਮਹੀਨੇ ਬਾਅਦ 14 ਮਾਰਚ 1973 ਨੂੰ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਨਮ ਇਕ ਅਧਿਆਤਮਿਕ ਸਵਾਲ ਖੜ੍ਹਾ ਹੋ ਜਾਂਦਾ ਹੈ ?

ਪੰਜ ਸਾਲ ਦੀ ਉਮਰ ਵਿਚ ਸ਼੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਬਾਵਾ ਜੀ ਨੂੰ ਭਗਵਾਂ ਭੇਖ ਪਹਿਨਾ ਕੇ ਸੁੱਚੀ ਪਿੰਡ ਤੋਂ ਡੇਰਾ ਬੱਲਾਂ ਲੈ ਆਏ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਨੇ ਵਿੱਦਿਆ ਪੜ੍ਹਾਈ । ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ 30 ਜਨਵਰੀ 2010 ਈ: ਨੂੰ ਰਵਿਦਾਸੀਆ ਧਰਮ ਦਾ ਐਲਾਨ ਕੀਤਾ।ਜਿਸ ਨਾਲ ਰਵਿਦਾਸੀਆ ਕੌਮ ਨੂੰ ਵੱਖਰੀ ਪਹਿਚਾਣ ਮਿਲੀ ।

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਇਕ ਲਾਇਬਰੇਰੀ 'ਸਤਿਗੁਰੂ ਸਰਵਣ ਦਾਸ ਮਹਾਰਾਜ ਜੀ' ਦੀ ਯਾਦ ਵਿਚ ਬਣਾਈ ਗਈ, ਜਿਸ ਵਿਚ ਹਜ਼ਾਰਾ ਦੀ ਗਿਣਤੀ ਵਿਚ

ਪੁਸਤਕਾਂ ਹਨ,ਜਿਨ੍ਹਾਂ ਵਿਚ 'ਦਲਿਤ ਇਤਿਹਾਸ' ਅਤੇ ਦਲਿਤ ਪੱਖੀ ਲਿਖਾਰੀਆਂ ਦੀਆਂ ਪੁਸਤਕਾਂ ਰੱਖੀਆ ਹਨ। ਮਹਾਨ ਗੁਰੂਆਂ, ਦੇਸ਼ਭਗਤਾਂ, ਯੋਧਿਆਂ ਅਤੇ ਸਾਹਿਤਕਾਰਾਂ ਨਾਲ ਸੰਬੰਧਿਤ ਸਾਹਿਤ ਇਸ ਲਾਇਬਰੇਰੀ ਵਿਚ ਮੌਜੂਦ ਹੈ ਇੱਥੇ ਹੀ ਬਸ ਨਹੀਂ ਡਾ. ਅੰਬੇਡਕਰ ਤੇ ਹੋਰ ਵੱਖ- ਵੱਖ ਲਾਇਬ੍ਰੇਰੀਆਂ ਰਾਹੀ ਪੁੰਗਰ ਰਹੇ ਨਵੇਂ ਲਿਖਾਰੀਆਂ ਨੂੰ ਮੁਫਤ ਕਿਤਾਬਾ ਵੰਡੀਆਂ ਜਾਂਦੀਆ ਹਨ ਅਤੇ ਆਉਣ ਵਾਲੇ ਸਮੇਂ ਵਿਚ ਇਕ ਮੈਗਜ਼ੀਨ ਵੀ ਚਾਲੂ ਕੀਤਾ ਜਾ ਰਿਹਾ ਹੈ, ਜੋ ਪ੍ਰਕਿਰਿਆ ਅਧੀਨ ਹੈ। ਜਗਤਗੁਰੂ ਰਵਿਦਾਸ ਮਹਾਰਾਜ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਦਾ ਨਿਰੰਤਰ ਪ੍ਰਚਾਰ ਹੁੰਦਾ ਹੈ।

ਸੰਤ ਸੁਰਿੰਦਰ ਦਾਸ ਬਾਵਾ ਜੀ ਨੇ 2010, 2011, 2012, 2013 ਵਿੱਚ ਕਈ ਵਾਰ ਯੂਰਪ, ਆਸਟਰੀਆਂ, ਗਰੀਸ, ਇਟਲੀ, ਜਰਮਨ, ਹਾਲੈਂਡ, ਸਪੇਨ, ਅਮਰੀਕਾ, ਕਨੈਡਾ, ਯੂ.ਏ.ਈ ਅਤੇ ਯੂ.ਕੇ ਵਿੱਚ ਪ੍ਰਚਾਰ ਕੀਤਾ। 2014 ਵਿੱਚ ਇਟਲੀ ਅਤੇ ਆਸਟਰੀਆ, 2015 ਵਿੱਚ ਗਰੀਸ, ਇਟਲੀ ਪੁਰਤਗਾਲ,ਆਸਰਟੀਆ, 2016 ਵਿੱਚ ਅਮਰੀਕਾ, ਕਨੈਡਾ, ਗਰੀਸ, ਇਟਲੀ ਅਤੇ ਆਸਟਰੀਆ ਯੂ.ਕੇ, 2017 ਵਿੱਚ ਆਸਟਰੀਆ, ਯੂ. ਕੇ, ਗਰੀਸ, ਇਟਲੀ, ਅਮਰੀਕਾ, ਕਨੈਡਾ ਅਤੇ ਯੂ.ਏ.ਈ ਵਿੱਚ ਰਵਿਦਾਸੀਆ ਧਰਮ ਦਾ ਪ੍ਰਚਾਰ ਕੀਤਾ।

ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ 2010 ਵਿੱਚ ਸ਼੍ਰੀ ਗੁਰੂ ਰਵਿਦਾਸ ਸਭਾ ਬੈਰਗਾਮੋ ਇਟਲੀ , 2011 ਸ਼੍ਰੀ ਗੁਰੂ ਰਵਿਦਾਸ ਸਭਾ ਕਰੋਪੀ ਐਥਨ ਗਰੀਸ ਵਿੱਚ , 2014 ਵਿੱਚ ਪਿੰਡ ਮਦਾਰਾ ਜਿਲ੍ਹਾਂ ਜਲੰਧਰ(ਪੰਜਾਬ), 11 ਸਤੰਬਰ 2015 ਸ਼੍ਰੀ ਗੁਰੂ ਰਵਿਦਾਸ ਸੁਖਸਾਗਰ ਦਰਬਾਰ ਮਨੀਦੀ ਗਰੀਸ,30 ਦਸੰਬਰ 2015 ਪਿੰਡ ਅਲਾਵਲਪੁਰ,11 ਸਤੰਬਰ 2016 ਸਾਉਥ ਹਾਲ ਲੰਡਨ ਵਿੱਚ, 21 ਮਈ 2017 ਸ਼੍ਰੀ ਗੁਰੂ ਰਵਿਦਾਸ ਭਵਨ ਬਾਰੀ ਇਟਲੀ , 28 ਮਈ 2017 ਸ਼੍ਰੀ ਗੁਰੂ ਰਵਿਦਾਸ ਦਰਵਾਰ ਕਰੋਪੀ ਗਰੀਸ, ਅਤੇ 20 ਅਗਸਤ 2017 ਟੋਰਾਂਟੋਂ ਕਨੇਡਾ, 30 ਦਸੰਬਰ 2017 ਨੂੰ ਸੁੱਚੀ ਪਿੰਡ ਵਿੱਚ ਰਵਿਦਾਸੀਆ ਸਮਾਜ ਵਲੋਂ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਭਾਰਤੀ ਦਲਿਤ ਸਾਹਿਤ ਅਕੈਡਮੀ ਦਿੱਲੀ ਵਿੱਚ 2006 ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸ਼੍ਰੀ ਗੁਰੂ ਰਵਿਦਾਸ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਵੱਧਦੀ ਹੋਈ ਸੰਗਤ ਅਤੇ ਪ੍ਰਚਾਰ ਪ੍ਰਸਾਰ ਹਿੱਤਾਂ ਨੂੰ ਧਿਆਨ ਰੱਖਦੇ ਹੋਏ ਯੂਰਪ ਦੀਆਂ ਸੰਗਤਾਂ ਵਲੋਂ ਸੰਗਤਾਂ ਦੀਆ ਲੋੜਾਂ ਨੂੰ ਧਿਆਨ ਰੱਖਦੇ ਹੋਏ ਇੱਕ ਨਾਲ ਲੱਗਦਾ ਪਲਾਟ ਇਸ ਸਥਾਨ ਨੂੰ ਖਰੀਦ ਕੇ ਦਿੱਤਾ ਗਿਆ। ਅੱਜ ਇਹ ਪ੍ਰਚਾਰ ਅਸਥਾਨ ਇੱਕ ਚਾਨਣ ਮੁਨਾਰਾ ਬਣ ਕੇ ਸੰਗਤਾਂ ਵਿਚ ਉਭਰ ਰਿਹਾ ਹੈ।ਇਸ ਪਾਵਨ ਸਥਾਨ ਤੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਪੱਕੇ ਤੌਰ ਤੇ ਰੈਣ-ਬਸੇਰਾ ਬਣਾਇਆ ਹੋਇਆ ਹੈ ਜਿੱਥੇ ਆਪ ਖੁਦ ਨਾਮ ਜੱਪਦੇ,ਬਾਣੀ ਪੜ੍ਹਦੇ ਸੁਣਦੇ ਅਤੇ ਸੰਗਤਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਦੇ। ਇਸ ਸਥਾਨ ਤੇ ਰਵਿਦਾਸੀਆ ਧਰਮ ਦੇ ਨਿਯਮਾਂ ਮੁਤਾਬਿਕ ਹੀ ਆਪਣੇ ਆਪ ਨੂੰ ਢਾਲ ਕੇ ਚੱਲਣਾ ਪੈਂਦਾ ਹੈ।

ਇਸ ਪ੍ਰਚਾਰ ਅਸਥਾਨ ਤੇ 'ਅੰਮ੍ਰਿਤ ਬਾਣੀ' ਭਵਨ ਉਸਾਰਿਆ ਗਿਆ ਹੈ , ਜਿਸ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਸੁਸ਼ੋਭਿਤ ਹੈ ਜਿਸ ਦੇ ਸਵੇਰੇ-ਸ਼ਾਮ

ਜਾਪ ਅਤੇ ਸਤਿਸੰਗ ਹੁੰਦੇ ਹਨ। ਹਰ ਐਤਵਾਰ ਅਤੇ ਸੰਗਰਾਂਦ 'ਤੇ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ ਜਿੱਥੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਹਰ ਮਹੀਨੇ ਵੱਖ-ਵੱਖ ਬੀਮਾਰੀਆ ਦੇ ਮਾਹਿਰ ਡਾਕਟਰ ਸਾਹਿਬਾਨ ਮਰੀਜ਼ਾਂ ਦਾ ਚੈਕਅੱਪ ਕਰਦੇ ਹਨ ਤੇ ਦਵਾਈਆਂ ਦਿੰਦੇ ਹਨ।

ਇਸ ਪਾਵਨ ਅਸਥਾਨ ਨੂੰ ਲੋਕ ਸ਼ਰਧਾ ਨਾਲ ਮੰਨਦੇ ਹਨ। ਰੋਜ਼ਾਨਾਂ ਸਵੇਰ ਤੋ ਸ਼ਾਮ ਤੱਕ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ।ਇਸ ਦਰਬਾਰ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਹੁੰਦਾ ਹੈ। ਲੋਕਾਂ ਨੂੰ ਨਾਮ ਬਾਣੀ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ, ਦਾਜ ਦੇ ਕੋਹੜ,ਸਮਾਗਮਾਂ ਵਿਚ ਵਧੇਰੇ ਖਰਚੇ, ਭਰੂਣ ਹੱਤਿਆ, ਨਿੰਦਿਆਂ-ਚੁਗਲੀ ਤੋਂ ਮੁਕਤ ਹੋਣ ਲਈ ਬੱਚਿਆਂ ਨੂੰ ਉਚੇਰੀ ਸਿੱਖਿਆਂ, ਬਜ਼ੁਰਗਾਂ ਦਾ ਸਤਿਕਾਰ ਕਰਨ ਲਈ ਵਿਸ਼ੇਸ਼ ਪ੍ਰਚਾਰ ਕੀਤਾ ਜਾਂਦਾ ਹੈ। ਇਹ ਪ੍ਰਚਾਰ ਅਸਥਾਨ ਸਭ ਲਈ ਖੁੱਲ੍ਹਾ ਹੈ।ਹਰ ਸੇਠ ਹਰ ਗਰੀਬ ਲਈ ਬਰਾਬਰ ਹੈ ਅਤੇ ਸਭ ਦੇ ਸਤਿਕਾਰ ਹਿੱਤ ਬਣਾਇਆ ਗਿਆ ਹੈ। ਇੱਥੇ ਕੋਈ ਉਚ ਨੀਚ ਨਹੀਂ।ਇਸ ਪ੍ਰਚਾਰ ਅਸਥਾਨ ਵਿਚ ਮਾਨਵਤਾ ਦੀ ਭਲਾਈ, ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰੇ ਦੇ ਸੰਕਲਪ ਅਤੇ ਡਾ. ਭੀਮ ਰਾਓ ਅੰਬੇਡਕਰ ਜੀ ਦੇ 'ਪੜ੍ਹੋ ਜੜੋ ਸੰਘਰਸ਼ ਕਰੋ' ਦੇ ਏਜੰਡੇ ਤੇ ਹੀ ਪ੍ਰਚਾਰ ਹੁੰਦਾ ਹੈ।

ਇਸ ਅਸਥਾਨ ਤੇ 24 ਜੁਲਾਈ 2016 ਦਿਨ ਐਤਵਾਰ ਨੂੰ ਸੰਤ ਸੁਰਿੰਦਰ ਦਾਸ ਬਾਵਾ ਜੀ, ਸੰਤ ਸੱਤਿਆਪਾਲ ਜੀ ਚੰਡੀਗੜ, ਸੰਤ ਬੀਬੀ ਕ੍ਰਿਸ਼ਨਾ ਦੇਵੀ ਬੋਪਾਰਾਏ ਕਲਾਂ, ਸੰਤ ਹਰਵਿੰਦਰ ਦਾਸ ਆਦਮਪੁਰਅਤੇ ਹੋਰ ਸੰਤ ਸਮਾਜ ਦੀ ਹਾਜ਼ਰੀ ਵਿੱਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਤਿਮਾ **"ਅੰਮ੍ਰਿਤਬਾਣੀ ਭਵਨ"** ਵਿੱਚ ਸਥਾਪਤ ਕੀਤੀ ਗਈ ਅਤੇ ਇਸ ਮੌਕੇ ਤੇ ਸ਼੍ਰੀ ਸਾਧੂ ਰਾਮ ਹੀਰ ਜੀ (ਰਿਟਾ.ਚੀਫ਼ ਇੰਜੀਨੀਅਰ ਨੌਰਥ ਜੌਨ ਦੂਰਦਰਸ਼ਨ)ਰਵਿਦਾਸੀਆ ਸਮਾਜ ਲਈ ਵੱਡਮੁਲੀਆਂ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰਚਾਰ ਅਸਥਾਨ ਦੀ ਪ੍ਰਿਯਤਾ ਅੱਜ ਪੂਰੇ ਵਿਸ਼ਵ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਜਿਸ ਨੂੰ ਸਫ਼ਲ ਬਣਾਉਣ ਲਈ ਸਮੁੱਚੀਆਂ ਸੰਗਤਾਂ ਦਾ ਸਹਿਯੋਗ ਜ਼ਰੂਰੀ ਹੈ। ਰਹਿਣ ਸਹਿਣ ਅਤੇ ਲੰਗਰ ਆਦਿ ਦੀਆਂ ਵਿਵਸਥਾਵਾਂ ਹਨ।

ਇਸ ਪ੍ਰਚਾਰ ਅਸਥਾਨ 'ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਉਹ ਸੰਕਲਪ ਸਾਕਾਰ ਨਜ਼ਰ ਆ ਰਿਹਾ ਹੈ, ਜਿਸ ਬਾਰੇ ਮਹਾਰਾਜ ਜੀ ਸੋਚਿਆ ਕਰਦੇ ਸਨ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਘਰ-ਘਰ ਪ੍ਰਚਾਰ ਹੋਵੇ।ਇਸ ਮਹਾਨ ਕਾਰਜ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਦਿਨ ਰਾਤ ਇੱਕ ਕਰਦੇ ਹੋਏ ਯਤਨਸ਼ੀਲ ਹਨ। ਸਤਿਗੁਰੂ ਇਨ੍ਹਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਤਾਂ ਕਿ ਕੌਮੀ ਕੰਮਾਂ ਲਈ ਇਸੇ ਤਰ੍ਹਾਂ ਡਟੇ ਰਹਿਣ।

**ਕਾਂਸ਼ੀ ਰਾਮ ਕਲੇਰ ਜੰਡੂ ਸਿੰਘਾ**

# ਸ਼ਲਾਘਾ ਯੋਗ ਉਪਰਾਲਾ

ਰਵਿਦਾਸੀਆ ਸਮਾਜ ਲਈ ਜੋ ਘਾਲਣਾ ਬ੍ਰਹਮਲੀਨ, ਬ੍ਰਹਮ ਗਿਆਨੀ ਸਤਿਗੁਰੂ ਪਿੱਪਲ ਦਾਸ ਜੀ ਤੋਂ ਲੈ ਕੇ ਅੱਜ ਤੱਕ ਸਤਿਗੁਰੂ ਸਰਵਣ ਦਾਸ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਸੰਤਾਂ ਵਲੋਂ ਸਮੇਂ-ਸਮੇਂ ਘਾਲੀ ਹੈ। ਸ਼੍ਰੀਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਮੰਦਰ ਦੀ ਖੋਜ, ਉਸਾਰੀ ਮੰਦਰ ਨੂੰ ਸੋਨੇ ਵਿੱਚ ਮੜ੍ਹਾਉਣਾ, ਉਸ ਦਰਬਾਰ ਨੂੰ ਪੂਰੇ ਵਿਸ਼ਵ ਵਿੱਚ ਉਜਾਗਰ ਕਰਨਾ ਅਤੇ ਸਮਾਜ ਵਿੱਚ ਸਨਮਾਨ ਯੋਗ ਬਣਾਉਣ ਲਈ ਆਪਣਾ ਧਰਮ, ਆਪਣਾ ਕੌਮੀ ਨਿਸ਼ਾਨ, ਆਪਣਾ ਨਾਅਰਾ ਅਤੇ ਆਪਣਾ ਪਾਵਨ ਗ੍ਰੰਥ ਬਖਸ਼ਿਸ਼ ਕਰਨਾ ਸਤਿਗੁਰੂ ਸਰਵਣ ਦਾਸ ਜੀ ਜ਼ਿੰਮੇ ਆਇਆ ਹੈ। ਆਪਣੇ ਸੀਨੇ ਵਿੱਚ ਗੋਲੀਆਂ ਖਾ ਕੇ ਰਵਿਦਾਸੀਆ ਧਰਮ ਦੀ ਫੁਲਵਾੜੀ ਨੂੰ ਸਿੰਜਣ ਵਿੱਚ ਵੀ ਇਸ ਡੇਰੇ ਦੇ ਮਹਾਪੁਰਸ਼ ਪਿੱਛੇ ਨਹੀਂ ਰਹੇ। ਸੰਤ ਰਾਮਾ ਨੰਦ ਜੀ ਅਤੇ ਚਾਰ ਸ਼ਹੀਦਾਂ (ਸ਼੍ਰੀ ਵਿਜੈ ਕੁਮਾਰ, ਸ਼੍ਰੀ ਰਜਿੰਦਰ ਕੁਮਾਰ, ਸ਼੍ਰੀ ਬਲਕਾਰ ਸਿੰਘ, ਸ਼੍ਰੀ ਤੇਲੂ ਰਾਮ) ਨੇ ਸਾਡੇ ਲਈ ਸ਼ਹੀਦੀ ਦਾ ਜਾਮ ਪੀਤਾ ਜਿਸ ਦੇ ਨਾਲ ਪੂਰਾ ਰਵਿਦਾਸੀਆ ਸਮਾਜ ਜਾਗਿਆ। ਵਿਆਨਾ ਕਾਂਡ ਬਾਰੇ ਪੂਰਾ ਵਿਸ਼ਵ ਜਾਣੂ ਹੈ। ਜਿਸ ਮਕਸਦ ਨੂੰ ਫੇਲ੍ਹ ਕਰਨ ਲਈ ਮਾਨਵ ਵਿਰੋਧੀਆਂ ਵਲੋਂ ਇਸ ਮੰਦਭਾਗੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਸਰੀਰਕ ਰੂਪ ਵਿੱਚ ਸਾਡੇ ਕੋਲੋਂ ਚਲੇ ਗਏ ਪਰ ਉਨ੍ਹਾਂ ਦਾ ਮਿਸ਼ਨ, ਉਨ੍ਹਾਂ ਵਲੋਂ ਉਲੀਕੇ ਕੰਮਾਂ ਤੇ ਪਹਿਰਾ ਦੇਣ ਲਈ ਸਾਡੇ ਸੰਤਾਂ ਮਹਾਂਪੁਰਸ਼ਾਂ ਵਿਸ਼ੇਸ਼ ਕਰ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਤਨਦੇਹੀ ਨਾਲ ਅਨੇਕਾਂ ਤਸੀਹੇ ਝੱਲ ਕੇ ਵੀ ਮਿਸ਼ਨ ਨੂੰ ਪੂਰੇ ਵਿਸ਼ਵ ਵਿੱਚ ਫੈਲਾਇਆ। ਅੱਜ ਸਾਰੇ ਪਾਸੇ ਰਵਿਦਾਸੀਆਂ ਦੀ ਜੈ ਜੈ ਕਾਰ ਹੋ ਰਹੀ ਹੈ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਵੀ ਪ੍ਰਚਾਰ-ਪ੍ਰਸਾਰ ਵੱਡੇ ਪੱਧਰ ਤੇ ਹੋ ਰਿਹਾ ਹੈ।ਇਸ ਕੰਮ ਲਈ ਸਾਡੇ ਲੇਖਕਾਂ, ਕਵੀਆ, ਬੁੱਧੀਜੀਵੀਆ ਅਤੇ ਪ੍ਰਚਾਰਕਾਂ ਦੀ ਵੀ ਬਹੁਤ ਵੱਡੀ ਦੇਣ ਹੈ।

ਹੱਥਲੀ ਪੁਸਤਕ 'ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ' ਮਿਸ਼ਨਰੀ ਲੇਖਕ ਸ਼੍ਰੀ ਕਾਂਸ਼ੀ ਰਾਮ ਕਲੇਰ ਜੀ ਦੀ ਲਿਖੀ ਹੋਈ ਹੈ। ਜੋ ਬਹੁਤ ਸ਼ਲਾਘਾਯੋਗ ਹੈ। ਲੇਖਕ ਨੇ ਪਹਿਲਾਂ ਵੀ ਅਨੇਕਾਂ ਪੁਸਤਕਾਂ ਲਿਖੀਆ ਹਨ ਜੋ ਪੂਰੇ ਵਿਸ਼ਵ ਵਿੱਚ ਸ਼੍ਰੀ ਗੁਰੂ ਰਵਿਦਾਸ ਨਾਮ ਲੇਵਾ ਗੁਰੂ ਘਰਾਂ ਵਿੱਚ ਪੜ੍ਹਨ ਨੂੰ ਮਿਲਦੀਆ ਹਨ। ਲੇਖਕ ਡੇਰੇ ਵਲੋਂ ਗੋਲਡ ਮੈਡਲਿਸਟ ਹੈ ਅਤੇ ਆਪਣੇ ਮਾਰਗ ਦਰਸ਼ਕ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਮੰਨਦਾ ਹੈ। ਆਪਣੇ ਰਹਿਬਰਾਂ ਨੂੰ ਯਾਦ ਕਰਨਾ,ਉਨ੍ਹਾਂ ਦੀ ਸਿਫ਼ਤ ਸਲਾਹ ਕਰਨਾ ਲੇਖਕ ਆਪਣੇ ਉਦੇਸ਼ ਮੰਨਦਾ ਹੈ। ਇਸ ਲਈ ਲੇਖਕ ਵਧਾਈ ਦਾ ਪਾਤਰ ਹੈ। ਆਸ ਹੈ ਸੰਗਤਾਂ ਇਸ ਤੋਂ ਭਰਪੂਰ ਲਾਭ ਉਠਾਉਣਗੀਆਂ।

**ਸੰਤ ਸੁਖਦੇਵ ਜੀ ਬਾਘਮਾਰੇ (ਪ੍ਰਧਾਨ)**

ਆਖਿਲ ਭਾਰਤੀ ਰਵਿਦਾਸੀਅ ਧਰਮ ਪ੍ਰਚਾਰ ਸੰਗਠਨ (ਰਜਿ.)

# ਧੰਨਵਾਦ ਦੇ ਪਾਤਰ

ਮੈਂ ਕਿੰਨਾ ਖੁਸ਼ਕਿਸਮਤ ਹਾਂ ਕਿ ਮੈਨੂੰ ਕਿੰਨੇ ਪੂਰਨ ਸੰਤਾਂ ਮਹਾਂਪੁਰਸ਼ਾਂ ਦੇ ਲੜ ਲੱਗਣ ਦਾ ਸੁਭਾਗ ਪ੍ਰਾਪਤ ਹੋਇਆ। ਬੱਲਾਂ ਡੇਰੇ ਵਿੱਚ ਮੈਂ ਪਹਿਲੀ ਵਾਰ ਸਤਿਗੁਰੂ ਹਰੀਦਾਸ ਮਹਾਰਾਜ ਜੀ ਦੇ ਸਮੇਂ ਵਿੱਚ ਆਉਂਣਾ ਸ਼ੁਰੂ ਕੀਤਾ ਸੀ ਜੋ ਲਗਾਤਾਰ ਜਾਰੀ ਰਿਹਾ ਲੇਕਿਨ ਨਾਮ ਦੀ ਦਾਤ ਸਤਿਗੁਰੂ ਗਰੀਬ ਦਾਸ ਜੀ ਪਾਸੋਂ ਪ੍ਰਾਪਤ ਹੋਈ। ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਮਨ ਨੂੰ ਪੂਰੀ ਸੰਤੁਸ਼ਟੀ ਹੈ ਕਦੇ ਵੀ ਮਨ ਇਧਰ ਉਧਰ ਨਹੀਂ ਭਟਕਿਆਂ। ਸੰਤ ਰਾਮਾ ਨੰਦ ਜੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਪ੍ਰੇਮ ਨੇ ਇਸ ਪ੍ਰਪੱਕਤਾ ਨੂੰ ਹੋਰ ਵੀ ਮਜ਼ਬੂਤ ਕੀਤਾ। ਸਾਹਿਤਕ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਡਿਊਟੀਆਂ ਲਗਾ ਕੇ ਦਾਸ ਨੂੰ ਧਾਰਮਿਕ ਅਤੇ ਸਮਾਜਿਕ ਵਿਸ਼ਿਆ ਵਿੱਚ ਹੀ ਲਿਖਣ ਲਈ ਕੀਲ ਲਿਆ। ਸਿੱਟੇ ਵਜੋਂ ਅਨੇਕਾਂ ਕਿਤਾਬਾਂ ਲਿਖੀਆ , ਛਪੀਆਂ ਅਤੇ ਅਣ-ਗਿਣਤ ਹੀ ਸਾਹਿਤ ਅਣ-ਛਪਿਆ ਪਿਆ ਹੈ ਤੇ ਜੋ ਸਮੇਂ-ਸਮੇਂ ਛਪ ਕੇ ਸੰਗਤਾਂ ਨੂੰ ਅਰਪਿਤ ਕਰ ਦਿੱਤਾ ਜਾਵੇਗਾ। ਬਹੁਤ ਸਾਰੇ ਲੇਖ ਆਦਿ ਵੱਖ-ਵੱਖ ਮੈਗਜ਼ੀਨਾਂ ਵਿੱਚ ਛਪਦੇ ਰਹਿੰਦੇ ਹਨ। ਇਹ ਸਭ ਰਵਿਦਾਸੀਆ ਧਰਮ ਦੇ ਪੜ੍ਹੇ ਲਿਖੇ ਗਿਆਨਵਾਨ ਸੰਤਾਂ ਮਹਾਂਪੁਰਸ਼ਾ ਦੇ ਆਸ਼ੀਰਵਾਦ ਸਦਕਾਂ ਹੀ ਸੰਭਵ ਹੋ ਸਕਿਆ ਹੈ।ਦਾਸ ਇਹਨਾਂ ਮਹਾਂਪੁਰਸ਼ਾ ਨੂੰ ਕੋਟਿਨ ਕੋਟਿ ਪ੍ਰਣਾਮ ਕਰਦਾ ਹੋਇਆ ਧੰਨਵਾਦ ਕਰਦਾ ਹੈ।

ਧੰਨਵਾਦ ਕਰਦਾ ਹਾਂ ਆਪਣੀ ਧਰਮ ਪਤਨੀ ਕਿਰਨ ਬਾਲਾ ਕਲੇਰ , ਬੇਟੀ ਗੁਰਪ੍ਰੀਤ ਕਲੇਰ, ਯੂ.ਕੇ ਵਸਦੇ ਸਪੁੱਤਰ ਬਿਮਲ ਕਾਂਤ ਕਲੇਰ,ਨੂੰਹ ਚੈਰਿਲ ਕਲੇਰ, ਪੋਤਰੀ ਰਿਹਾਨਨ ਕਲੇਰ,ਪੋਤਰਾ ਸੀ.ਜੇ.ਕਲੇਰ,ਅਤੇ ਯੂ.ਕੇ ਵਸਦੇ ਦਾਮਾਦ ਸ਼੍ਰੀ ਪ੍ਰਮਜੀਤ ਚੋਹਾਨ, ਪੁੱਤਰੀ ਹਰਪ੍ਰੀਤ ਚੋਹਾਨ, ਦੋਹਤਰੀ ਕ੍ਰਿਸਟੀਨਾ ਚੌਹਾਨ, ਦੋਹਤਾ ਜੈਡਿਨ ਚੋਹਾਨ ਜਿਨ੍ਹਾਂ ਦੇ ਸਮੇਂ ਵਿੱਚੋਂ ਸਮਾਂ ਕੱਢ ਕੇ ਧਰਮ ਅਤੇ ਸਮਾਜ ਹਿੱਤ ਲਗਾ ਰਿਹਾ ਹਾਂ।

ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਡਾ. ਰਮਨ ਦਾਦਰਾ (M.A.Ph.D), ਮਿਸ ਲਖਵੀਰ ਕੌਰ (ਐਮ.ਏ), ਡਾ. ਰੀਨਾ ਵਿਰਦੀ ਅਤੇ ਪ੍ਰੋ. ਸੀਮਾ ਵਿਰਦੀ ਦਾ ਜਿਨ੍ਹਾਂ ਨੇ ਮੇਰੀਆਂ ਕਿਤਾਬਾਂ ਦੀ ਪਰੂਫ ਰੀਡੀਂਗ ਬਹੁਤ ਸੁਚੱਜੇ ਢੰਗ ਨਾਲ ਕੀਤੀ। ਸ਼੍ਰੀ ਮਾਨ ਐਸ.ਆਰ.ਹੀਰ ਰਿਟਾ. ਚੀਫ਼ ਇੰਜੀਨੀਅਰ ਦੂਰਦਰਸ਼ਨ ਕੇਂਦਰ ਨੌਰਥ ਜ਼ੋਨ ਦਿੱਲੀ ਜਲੰਧਰ (ਰਿਟਾ), ਐਮ.ਡੀ. ਮੰਗਾ, ਸ਼੍ਰੀ ਜੀਵਨ ਸੋਹਲ, ਰਜਿੰਦਰ ਬੰਗੜ, ਰਜਿੰਦਰ ਰਾਣਾ, ਚਰਨਜੀਤ ਬੱਧਣ ਦੇ ਵੱਡਮੁੱਲੇ ਸੁਝਾਵਾਂ ਦਾ ਵਿਸ਼ੇਸ਼ ਧੰਨਵਾਦੀ ਹਾਂ।

ਪੁਸਤਕ ਨੂੰ ਟਾਇਪ ਤੇ ਸੈਟਿੰਗ ਕਰਨ ਲਈ , ਇਸ ਨੂੰ ਮੌਜੂਦਾ ਰੂਪ ਦੇਣ ਲਈ ਮੈਂ ਸ਼੍ਰੀ ਰਾਜੇਸ਼ ਕੈਂਥ ਭਬਿਆਣਵੀ ਤੇ ਸ਼ਿਲਪਾ ਕੈਂਥ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦੀ ਹਾਂ।

ਸ਼੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ ਇਟਲੀ ਨੇ ਕਿਤਾਬ ਨੂੰ ਛਪਾਉਣ ਦਾ ਬੀੜਾ ਚੁੱਕਿਆ ਅਤੇ ਖ਼ਰਚ ਕਰਕੇ ਇਹ ਸੰਗਤਾਂ ਤੱਕ ਪਹੁੰਚਾਈ ਹੈ।

ਮੈਂ ਰਿਣੀ ਹਾਂ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜਲੰਧਰ ਦੇ ਸੰਸਥਾਪਕ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਿਨ੍ਹਾਂ ਦੀ ਪ੍ਰੇਰਣਾ ਸਦਕਾ 'ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ' ਕਿਤਾਬ ਲਿਖੀ ਗਈ ਹੈ। ਮਹਾਂਪੁਰਸ਼ਾ ਵਲੋਂ ਬਖਸ਼ਿਸ਼ ਕੀਤੀ ਤੁੱਛ ਬੁੱਧੀ ਮੁਤਾਬਕ ਕੁਝ ਸਬਦਾਂ ਨੂੰ ਇਕੱਤਰ ਕੀਤਾ। ਲਿਖਣ ਲਈ ਕਲਮ ਅਤੇ ਪੇਪਰ ਵੀ ਮੇਰੇ ਆਪਣੇ ਨਹੀਂ ਹਨ ਧੰਨਵਾਦੀ ਹਾਂ।

**ਕਾਂਸ਼ੀ ਰਾਮ ਕਲੇਰ**

# ਤਤਕਰਾ

**ਨੰ. ਵਿਸ਼ਾ ਪੰਨਾ ਨੰ.**

1. ਮੁੱਢਲਾ ਜੀਵਨ....................................................17
2. ਡੇਰਾ ਸੱਚ ਖੰਡ ਬੱਲਾਂ ਦੇ ਲੜ ਲੱਗਣਾ.............................19
3. ਵਿਦੇਸ਼ਾਂ ਵਿੱਚ ਮਿਸ਼ਨ ਪ੍ਰਚਾਰ ਪ੍ਰਸਾਰ ਕਰਨਾ..................... 22
4. ਲੰਡਨ ਦੇ ਪਾਰਲੀਮੈਂਟ ਵਿੱਚ ਸਤਿਸੰਗ.......................... 26
5. ਸ਼੍ਰੀ 108 ਸੰਤ ਰਾਮਾ ਨੰਦ ਜੀ ਦੀ ਅੰਗਰੇਜ਼ੀ ਸਪੀਚ ਦਾ
ਪੰਜਾਬੀ ਅਨੁਵਾਦ ................................................... 32
6. ਸੰਤ ਰਾਮਾ ਨੰਦ ਜੀ ਉੱਚ ਕੋਟੀ ਦੇ ਸਾਹਿਤਕਾਰ ਸਨ............ 37
7. ਸ਼੍ਰੀ 108 ਸੰਤ ਰਾਮਾਨੰਦ ਜੀ ਦੀ ਸ਼ਹੀਦੀ
(ਵਿਆਨਾ ਕਾਂਡ)................................................ 42
8. ਅੰਤਿਮ ਸੰਸਕਾਰ................................................ 46
9. ਰਵਿਦਾਸੀਆ ਧਰਮ ਦੇ ਚਾਰ
ਸ਼ਹੀਦ........................................................... 50
10. ਕਲਸ਼ ਯਾਤਰਾ.................................................... 52
11. ਰਵਿਦਾਸੀਆ ਧਰਮ ਦਾ ਐਲਾਨ ................................ 52
12. ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਨੂੰ
ਸਾਹਿਤਕ ਸ਼ਰਧਾਂਜਲੀਆਂ........................................ 55
13. ਲੇਖਕ ਦੇ ਸ਼੍ਰੀ 108 ਸੰਤ ਰਾਮਾਨੰਦ ਜੀ
ਨਾਲ ਬਿਤਾਏ ਦਿਨ.............................................. 71
14. ਲੇਖਕ ਦੀ ਪ੍ਰਕਾਸ਼ਤ ਪੁਸਤਕ ਸੂਚੀ.............................. 76

# ਮੁੱਢਲਾ ਜੀਵਨ

ਕੀ ਕਦੇ ਕਿਸੇ ਨੇ ਇਹ ਸੋਚਿਆ ਹੋਵੇਗਾ ਕਿ ਇੱਕ ਛੋਟੇ ਜਿਹੇ ਪਿੰਡ ਅਤੇ ਸਾਦੇ ਜਿਹੇ ਪਰਿਵਾਰ ਵਿੱਚ ਪੈਦਾ ਹੋਇਆ 'ਰਾਮਾ' ਇੱਕ ਮਹਾਨ ਸੰਤ, ਮਹਾਨ ਅਮਰ ਸ਼ਹੀਦ, ਮਹਾਨ ਵਿਦਵਾਨ, ਕ੍ਰਾਂਤੀਕਾਰੀ, ਇਨਕਲਾਬੀ , ਮਹਾਨ ਕਥਾ ਵਾਚਕ, ਵਿਆਖਿਆਕਾਰ ਅਤੇ ਵਿਸ਼ਵ ਦੀ ਮਹਾਨ ਪ੍ਰਮਾਰਥੀ ਸ਼ਖ਼ਸੀਅਤ ਦਾ ਰੁਤਬਾ ਹਾਸਿਲ ਕਰੇਗਾ ਅਤੇ ਵਿਸ਼ਵ ਵਿਖਿਆਤ ਹਸਤੀ ਵਜੋਂ ਜਾਣਿਆ ਜਾਵੇਗਾ ਪਰ ਇਹ ਸਭ ਕੁਝ ਰਵਿਦਾਸੀਆ ਕੌਮ ਦੇ ਮਹਾਨ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਮਹਾਰਾਜ ਜੀ ਨੇ ਸ਼੍ਰੀ 108 ਸੰਤ ਸਰਵਣ ਦਾਸ ਜੀ ਡੇਰਾ ਸੱਚ ਖੰਡ ਬੱਲਾਂ ਦੇ ਚਰਨ ਕਮਲਾਂ ਵਿੱਚੋਂ ਵਰੋਸਾਏ ਸੰਤ ਮਾਲਾ ਦੇ ਇਸ ਸੁੱਚੇ ਮੋਤੀ ਨੇ ਬਚਪਨ ਤੋਂ ਹੀ ਡੇਰੇ ਦੀਆਂ ਤਿੰਨ ਸਤਿਕਾਰਯੋਗ ਪੀੜ੍ਹੀਆਂ ਦੇ ਚਰਨਾਂ ਵਿੱਚ ਰਹਿ ਕੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਸਾਧ-ਸੰਗਤ ਦੀ  ਦੀ ਤਨੋਂ-ਮਨੋਂ ਸੇਵਾ ਕੀਤੀ ਅਤੇ ਡੇਰੇ ਦੇ ਉਸਾਰੂ ਕੰਮਾਂ ਅਤੇ ਮਿਸ਼ਨ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਦੱਬੇ ਕੁਚਲੇ ਹੋਏ ਸਮਾਜ ਵਿੱਚ ਇੱਕ ਨਵੀਂ ਜਾਗ੍ਰਿਤੀ, ਧਾਰਮਿਕ ਚੇਤਨਤਾ ਪੈਦਾ ਕੀਤੀ ਅਤੇ ਸੰਗਤ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਸਰਵਣ ਦਾਸ ਜੀ ਦੇ ਮਿਸ਼ਨ ਨਾਲ ਜੋੜਿਆ।

ਆਪ ਜੀ ਦੇ ਵੱਡੇ ਵਡੇਰੇ 1900 ਈਸਵੀ ਦੇ ਪਹਿਲੇ ਦਹਾਕੇ ਦੇ ਕਰੀਬ ਪਿੰਡ ਬੱਲਾਂ ਤੋਂ ਅਲਾਵਲਪੁਰ ਦੇ ਮੁਹੱਲਾ ਰਮਦਾਸਪੁਰਾ ਆ ਕੇ ਵੱਸਣ ਲੱਗ ਪਏ ਸਨ। ਇਹ ਸ਼ਾਇਦ ਉਹਨਾਂ ਦੀ ਰੋਜ਼ੀ ਰੋਟੀ ਦਾ ਸਬੱਬ ਹੋਵੇਗਾ। ਲਗਭਗ ਇਹਨਾਂ ਸਮਿਆਂ ਦੇ ਦੌਰਾਨ ਹੀ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਜੀ ਮਹਾਰਾਜ ਬਾਲਕ ਸਰਵਣ ਦਾਸ (ਸ਼੍ਰੀ 108 ਸੰਤ ਸਰਵਣ ਦਾਸ ਜੀ ) ਨੂੰ ਨਾਲ ਲੈ ਕੇ ਗਿੱਲ ਪੱਤੀਂ ਬਠਿੰਡਾ ਤੋਂ ਜ਼ਿਲ੍ਹਾਂ ਜਲੰਧਰ ਦੇ ਪਿੰਡਾਂ ਤੋਂ ਹੁੰਦੇ ਹੋਏ ਕਾਹਨਪੁਰ, ਸਮਸਤਪੁਰ ਆਦਿ ਉਪਰੰਤ ਪਿੰਡ ਬੱਲਾਂ ਵਿਖੇ ਆ  ਬਿਰਾਜੇ  ਸਨ। ਸੰਤ ਰਾਮਾਨੰਦ ਜੀ ਦਾ ਜਨਮ 2 ਫਰਵਰੀ 1952 ਨੂੰ ਸਤਿਕਾਰ ਯੋਗ ਪਿਤਾ ਸ਼੍ਰੀ ਮਹਿੰਗਾ ਰਾਮ ਜੀ ਦੇ ਗ੍ਰਹਿ ਵਿਖੇ ਸਤਿਕਾਰਯੋਗ ਮਾਤਾ ਜੀਤ ਕੌਰ ਜੀ ਦੀ ਕੁੱਖੋਂ ਹੋਇਆ । ਸੰਤ ਰਾਮਾਨੰਦ ਜੀ ਪਰਿਵਾਰ ਵਿੱਚ ਪੰਜ ਭੈਣਾਂ-ਭਰਾਵਾਂ ਵਿੱਚ ਸਭ ਤੋਂ ਵੱਡੇ ਸਨ। ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਵੀ ਇਸੇ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਆਪ ਜੀ ਨੇ ਪ੍ਰਾਇਮਰੀ  ਸਿੱਖਿਆ ਅਲਾਵਲਪੁਰ ਦੇ ਆਰੀਆ ਸਮਾਜ ਸਕੂਲ ਵਿੱਚੋਂ ਅਤੇ ਮੈਟ੍ਰਿਕ ਵੀ ਇੱਥੋਂ ਹੀ ਪਾਸ ਕੀਤੀ। ਇਹ ਹਾਈ ਸਕੂਲ ਉਸ ਸਮੇਂ ਇਲਾਕੇ ਵਿੱਚ ਖਾਸ ਮਹੱਤਤਾ ਰੱਖਦਾ ਸੀ। ਆਸ ਪਾਸ ਦੇ ਕਈ ਪਿੰਡਾਂ ਦੇ ਬੱਚੇ ਇਸ ਸਕੂਲ ਵਿੱਚ ਪੜ੍ਹਨ ਆਉਂਦੇ ਸਨ। ਆਪ ਜੀ ਨੇ ਬੀ.ਏ ਦੀ ਡਿਗਰੀ ਦੋਆਬਾ ਕਾਲਜ ਜਲੰਧਰ ਤੋਂ ਚੰਗੇ ਨੰਬਰ ਲੈ ਕੇ

ਹਾਸਿਲ ਕੀਤੀ।ਆਪ ਵਿਦਿਆਰਥੀ ਜੀਵਨ ਤੋਂ ਹੀ ਬਹੁਤ ਮਿਲਣਸਾਰ ਅਤੇ ਧਾਰਮਿਕ ਖਿਆਲਾਂ ਦੇ ਧਾਰਣੀ ਸਨ। ਆਪ ਜੀ ਨੂੰ ਬਚਪਨ ਤੋਂ ਹੀ ਨਸ਼ਿਆਂ ਨਾਲ ਸਖ਼ਤ ਨਫ਼ਰਤ ਸੀ। ਆਪ ਜੀ ਦੇ ਹਸੂ-ਹਸੂ ਕਰਦੇ ਚਿਹਰੇ ਤੋਂ ਹਰ ਕੋਈ ਆਪ ਜੀ ਦਾ ਹੋ ਕੇ ਹੀ ਰਹਿ ਜਾਂਦਾ। ਆਪ ਜੀ ਕਬੱਡੀ ਖੇਡਣ ਦਾ ਸ਼ੌਕ ਰੱਖਦੇ ਸਨ। ਆਪ ਜੀ ਦੇ ਸਾਥੀ ਦੱਸਿਆ ਕਰਦੇ ਸਨ ਕਿ ਆਪ ਜੀ ਹਮੇਸ਼ਾਂ ਕਮਜ਼ੋਰ ਟੀਮ ਵੱਲੋਂ ਖੇਡਿਆ ਕਰਦੇ ਸਨ। ਆਪ ਜੀ ਦਾ ਪਰਿਵਾਰ ਮੁੱਢ ਤੋਂ ਹੀ ਖੇਤੀ-ਬਾੜੀ ਅਤੇ ਪਸ਼ੂ ਪਾਲਣ ਦੇ ਸਹਾਇਕ ਧੰਦਿਆ ਨਾਲ ਜੁੜਿਆ ਹੋਇਆ ਸੀ । ਪੜ੍ਹਾਈ ਤੋਂ ਵਿਹਲਾ ਵਕਤ ਆਪ ਜੀ ਆਪਣੇ ਪਿਤਾ ਜੀ ਨਾਲ ਘਰ ਦੇ ਕੰਮਾਂ ਵਿੱਚ ਹੱਥ ਵਟਾਉਂਦੇ ਸਨ।

# ਡੇਰਾ ਸੱਚ ਖੰਡ ਬੱਲਾਂ ਦੇ ਲੜ ਲੱਗਣਾ

ਆਪ ਜੀ ਦੇ ਪਰਿਵਾਰ ਦੇ ਵੱਡੇ-ਵਡੇਰੇ ਡੇਰਾ ਸੱਚ ਖੰਡ ਬੱਲਾਂ ਦੇ ਸ਼ਰਧਾਲੂ ਸਨ ਅਤੇ ਸਾਰਾ ਪਰਿਵਾਰ ਹੀ ਹਰ ਐਤਵਾਰ, ਸੰਗਰਾਂਦ ਤੇ ਡੇਰੇ ਆਇਆ ਕਰਦਾ ਸੀ ਅਤੇ ਘਰ ਦਾ ਹਰ ਖੁਸ਼ੀ-ਗਮੀ ਦਾ ਕੰਮ ਸੰਤਾਂ ਦੇ ਹੁਕਮ ਮੁਤਾਬਿਕ ਹੀ ਕਰਦੇ ਸਨ। ਆਪ ਡੇਰੇ ਦੇ ਮਹਾਂਪੁਰਸ਼ਾਂ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ ਅਤੇ ਆਪਣੇ ਬਜ਼ੁਰਗਾਂ ਨਾਲ ਅਕਸਰ ਡੇਰੇ ਆਉਂਦੇ ਜਾਂਦੇ ਰਹਿੰਦੇ ਸਨ। ਪਰਿਵਾਰ ਵਿੱਚ ਪੜ੍ਹੇ-ਲਿਖੇ ਹੋਣ ਕਾਰਣ ਆਪ ਜੀ ਦੇ ਪਰਿਵਾਰ ਨੂੰ ਆਪ ਜੀ ਤੇ ਬਹੁਤ ਉਮੀਦਾਂ ਸਨ। ਆਪ ਜੀ ਨੂੰ ਪੰਜਾਬ ਪੁਲਿਸ ਵਿੱਚ ਥਾਣੇਦਾਰ ਦੀ ਨੌਕਰੀ ਮਿਲੀ, ਰੇਲਵੇ ਵਿਭਾਗ ਵਿੱਚ ਸਟੇਸ਼ਨ ਮਾਸਟਰ ਦੀ ਨਿਯੁਕਤੀ ਹੋਈ ਅਤੇ ਹੋਰ ਕਈ ਵਿਭਾਗਾਂ ਵਿੱਚ ਨੌਕਰੀ ਲਈ ਮੌਕੇ ਮਿਲੇ ਪਰ ਆਪ ਜੀ ਨੇ ਇਹਨਾਂ ਸਾਰੇ ਅਹੁਦਿਆਂ ਅਤੇ ਨੌਕਰੀਆਂ ਨੂੰ ਨਕਾਰਦੇ ਹੋਏ ਸਾਹਿਬ ਦੀ ਚਾਕਰੀ ਕਰਨੀ ਪਸੰਦ ਕੀਤੀ। ਆਪ ਜੀ ਦੇ ਮਨ ਵਿੱਚ ਕੇਵਲ ਤੇ ਕੇਵਲ ਡੇਰਾ ਸੱਚਖੰਡ ਬੱਲਾਂ ਦੀ ਤਾਰ ਵੱਜਦੀ ਸੀ। ਉਸ ਵਕਤ ਤਾਂ ਸ਼ਾਇਦ ਕਿਸੇ ਲਿਖਾਰੀ ਦੇ ਇਹ ਬੋਲ ਹੀ ਮਨ ਨੂੰ ਚੰਗੇ ਲਗਦੇ ਸਨ।

**''ਮੈਨੂੰ ਨੌਕਰ ਰੱਖ ਲਓ ਦਾਤਾ ਜੀ ਆਪਣੇ ਦਰਬਾਰ ਦਾ''**

ਜੋ ਇੱਕ ਦਿਨ ਸੱਚ ਹੋ ਨਿਕਲਿਆ। ਆਪ ਸਦਾ ਲਈ ਹੀ ਰਵਿਦਾਸੀਆ ਕੌਮ ਦੇ ਹਿੱਤ ਡੇਰਾ ਸੱਚ ਖੰਡ ਬੱਲਾਂ ਨੂੰ ਸਮਰਪਿਤ ਹੋ ਗਏ। ਆਪ ਜੀ ਨੇ ਡੇਰੇ ਵਿੱਚ ਹਜ਼ੂਰੀ ਰਾਗੀ ਤੋਂ ਜੀਵਨ ਦੀ ਸ਼ੁਰੂਆਤ ਕੀਤੀ, ਡੇਰੇ ਵਿੱਚ ਹੀ ਕੀਰਤਨ ਸਿੱਖਿਆ। ਆਪ ਸੰਤ ਭਗਤ ਸਿੰਘ ਮਦਾਰਾਂ ਵਾਲੇ ਨਾਲ ਪਿੰਡਾਂ ਵਿੱਚ ਪਾਠੀ ਦੇ ਤੌਰ 'ਤੇ ਸੇਵਾ ਨਿਭਾਉਂਦੇ ਸਨ। ਆਪ ਜੀ ਕੀਰਤਨ ਕਥਾ ਦੇ ਧਨੀ ਹੋਣ ਕਾਰਣ ਅਤੇ ਸੁਰੀਲੀ ਅਵਾਜ਼ ਹੋਣ ਕਾਰਣ ਹਰ ਕੋਈ ਧਾਰਮਿਕ ਸਮਾਗਮਾਂ ਵਿੱਚ ਆਪ ਜੀ ਦੀ ਸ਼ਮੂਲੀਅਤ ਮਹਿਸੂਸ ਕਰਦਾ ਜਿਸ ਕਾਰਣ ਆਪ ਜੀ ਦੀ ਲੋਕ ਪ੍ਰਿਯਤਾ ਹੋਣ ਲੱਗੀ। ਆਪ ਜੀ ਹੌਲੀ-ਹੌਲੀ ਸ਼੍ਰੀ ਰਾਮ ਮੂਰਤੀ, ਮਾਸਟਰ ਜੀਤ ਰਾਮ ਅਤੇ ਗਿਆਨੀ ਸ਼ੰਕਰਦਾਸ ਜੀ ਹੁਰਾਂ ਨਾਲ ਹਰ ਐਤਵਾਰ, ਸੰਗਰਾਂਦ ਤੇ ਕਥਾ ਕੀਰਤਨ ਵਿਚਾਰਾਂ ਕਰਨ ਲਗ ਪਏ। ਆਪ ਜੀ ਦੇ ਅੰਦਰ ਗਿਆਨ ਪ੍ਰਾਪਤੀ ਦੀ ਬਹੁਤ ਤਾਂਘ ਸੀ ਆਪ ਜੀ ਨੇ ਸਾਰੇ ਧਰਮਾਂ ਦੇ ਸਤਿਕਾਰਯੋਗ ਗ੍ਰੰਥ ਪੜ੍ਹੇ ਅਤੇ ਉਹਨਾਂ ਤੇ ਅਮਲ ਕੀਤਾ। ਦਾਸ ਨੂੰ ਯਾਦ ਹੈ ਕਿ ਆਪ ਪ੍ਰਿੰਸੀਪਲ ਚੰਨਣ ਸਿੰਘ ਮਜਬੂਰ, ਸ਼੍ਰੀ ਚਰਨ ਸਿੰਘ ਸਫ਼ਰੀ, ਸ਼੍ਰੀ ਕਰਮ ਚੰਦ ਪ੍ਰੇਮੀ, ਸ਼੍ਰੀ ਭਗਤ ਰਾਮ ਦੀਵਾਨਾ ਅਤੇ ਮਾਸਟਰ ਜੱਗੂ ਰਾਮ ਜੀ ਦੀਆ ਰਚਨਾਵਾਂ ਬਹੁਤ ਸੁਰੀਲੀ ਅਵਾਜ਼ ਵਿੱਚ ਸੁਣਾਇਆ ਕਰਦੇ ਸਨ। ਜਦੋਂ ਆਪ ਜੀ ''ਕਾਂਸ਼ੀ ਵਿੱਚ ਆਉਣ ਵਾਲਿਆ ਤੈਨੂੰ ਲੱਖ ਲੱਖ ਸੀਸ ਨਿਵਾਵਾਂ'' ਰਚਨਾ ਗਾਉਂਦੇ ਤਾਂ ਆਪ ਜੀ ਦਾ ਮਨ ਵੈਰਾਗ ਵਿੱਚ ਆ ਜਾਂਦਾ ਅਤੇ

ਆਪ ਜੀ ਇਸ ਦੀ ਵਿਆਖਿਆ ਕਰਕੇ ਸੰਗਤਾਂ ਨੂੰ ਨਿਹਾਲ, ਕਰ ਦਿੰਦੇ। ਆਪ ਜੀ ਅਕਸਰ ਹੀ ਸ਼ਹੀਦਾਂ ਦੀਆਂ ਗਾਥਾਵਾਂ ਸੁਣਾਇਆ ਕਰਦੇ ਸਨ। ਧੰਨ ਧੰਨ ਜਗਤਗੁਰੂ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਕ੍ਰਾਂਤੀਕਾਰੀ ਮਿਸ਼ਨ ਆਪ ਜੀ ਦਾ ਮਾਰਗ ਸੀ ਅਤੇ ਸਤਿਗੁਰੂ ਜੀ ਦੀ ਅੰਮ੍ਰਿਤਬਾਣੀ ਨੂੰ ਹੀ ਆਪ ਜੀ ਨੇ ਜੀਵਨ ਦਾ ਆਧਾਰ ਮੰਨਿਆ ਹੋਇਆ ਸੀ। ਆਪ ਜੀ ਨੇ ਬਚਪਨ ਤੋਂ ਹੀ ਆਪਣਾ ਜੀਵਨ ਡੇਰਾ ਸੱਚਖੰਡ ਬੱਲਾਂ ਦੇ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਦੇ ਲੇਖੇ ਲਾ ਦਿੱਤਾ ਸੀ ਅਤੇ ਪੱਕੇ ਤੌਰ ਤੇ ਹੀ ਇਸ ਦਰਬਾਰ ਨੂੰ ਆਪਣਾ ਘਰ ਮੰਨ ਕੇ ਦੁਨਿਆਵੀ ਘਰ ਅਤੇ ਪਰਿਵਾਰ ਨੂੰ ਅਲਵਿਦਾ ਕਰ ਦਿੱਤਾ ਸੀ।

ਨਾਮ ਬਾਣੀ ਵਿੱਚ ਰੱਤੇ ਹੋਏ ਮਿੱਠੀ ਜ਼ੁਬਾਨ ਦੇ ਰਸੀਏ, ਧਾਰਮਿਕ ਸਟੇਜ਼ਾਂ ਦੇ ਸ਼ਿੰਗਾਰ ਸੰਤ ਰਾਮਾਨੰਦ ਜੀ ਜਦੋਂ ਸੰਤਾਂ ਮਹਾਂਪੁਰਸ਼ਾਂ ਨਾਲ ਸਮਾਗਮਾਂ ਵਿੱਚ ਪੁੱਜਦੇ, ਧਰਤੀ ਉਹਨਾਂ ਦੇ ਚਰਨਾਂ ਨੂੰ ਨਮਸਕਾਰ ਕਰਨ ਲੱਗ ਜਾਂਦੀ ਅਤੇ ਸੰਗਤਾਂ ਦੇ ਚਿਹਰੇ ਖਿੜ੍ਹ ਜਾਂਦੇ ਅਤੇ ਉਹਨਾਂ ਦੇ ਅਨਮੋਲ ਪ੍ਰਵਚਨ ਸੁਨਣ ਲਈ ਸੰਗਤਾਂ ਦੇ ਮਨ ਉਤਾਵਲੇ ਹੋ ਜਾਂਦੇ। ਆਪ ਜੀ ਜਦੋਂ ਕੀਰਤਨ, ਵਿਚਾਰਾਂ ਕਰਦੇ ਤਾਂ ਆਪ ਜਗਤਗੁਰੂ ਸਾਹਿਬ ਸਤਿਗੁਰੂ ਰਵਿਦਾਸ ਜੀ ਦੀ ਮੁਬਾਰਕ ਰਸਨਾਂ ਚੋ ਉਚਾਰਨ ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ ਵਿੱਚ ਲੀਨ ਹੋ ਕੇ ਇਸ ਤਰ੍ਹਾਂ ਰੰਗੇ ਜਾਂਦੇ ਕਿ ਵਿਆਖਿਆ ਕਰਦਿਆਂ ਨੂੰ ਸਮੇਂ ਦਾ ਧਿਆਨ ਨਹੀਂ ਰਹਿੰਦਾ। ਸੰਗਤਾਂ ਆਪ ਜੀ ਨੂੰ ਇੱਕ ਮਨ ਇੱਕ ਚਿੱਤ ਹੋ ਕੇ ਸੁਣਦੀਆਂ ਅਤੇ ਕਦੇ ਵੀ ਨਾ ਅੱਕਦੀਆਂ ਅਤੇ ਨਾ ਹੀ ਥੱਕਦੀਆਂ। ਆਪ ਜੀ ਨੇ ਆਪਣੇ ਜੀਵਨ ਕਾਲ ਵਿੱਚ ਧੰਨ ਧੰਨ ਜਗਤਗੁਰੂ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਧਾਰਮਿਕ ਸਥਾਨਾਂ ਦੀ ਦੇਖ-ਭਾਲ ਲਈ ਅਤੇ ਸੁਚੱਜੀ ਸੇਵਾ ਲਈ ਨੌਜਵਾਨਾਂ ਨੂੰ ਉਤਸ਼ਾਹਿਤ ਕਰਕੇ ਕਈ ਪਿੰਡਾਂ-ਸ਼ਹਿਰਾਂ ਵਿੱਚ ਨੌਜਵਾਨ ਸਭਾਵਾਂ ਬਣਵਾਈਆਂ । ਨੌਜਵਾਨ ਪੀੜ੍ਹੀ ਨੂੰ ਬਾਣੀ ਨਾਲ ਜੋੜ ਕੇ ਅਨੇਕਾਂ ਗ੍ਰੰਥੀ ਅਤੇ ਕੀਰਤਨੀ ਜੱਥੇ ਤਿਆਰ ਕੀਤੇ ਜੋ ਸ਼ੁੱਧ ਬਾਣੀ ਦਾ ਪ੍ਰਚਾਰ ਕਰਦੇ ਸਨ।

ਆਪ ਜੀ ਨੇ ਡੇਰਾ ਸੱਚ ਖੰਡ ਬੱਲਾਂ ਦੀ ਉਸਾਰੀ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਡੇਰੇ ਵਲੋਂ ਆਰੰਭ ਕੀਤੇ ਕਾਰਜਾਂ,ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗਵਰਧਨਪੁਰ ਬਨਾਰਸ, ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਕਠਾਰ, ਸੰਤ ਸਰਵਣ ਦਾਸ ਅੱਖਾਂ ਦਾ ਹਸਪਤਾਲ ਬੱਲਾਂ, ਸੰਤ ਸਰਵਣ ਦਾਸ ਸਕੂਲ ਹਦੀਆਬਾਦ,ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਹਦੀਆਬਾਦ, ਬਾਬਾ ਪਿੱਪਲ ਦਾਸ ਮਹਾਰਾਜ ਜੀ ਦਾ ਤਪ ਅਸਥਾਨ ਅਤੇ ਧੰਨ ਧੰਨ ਸਤਿਗੁਰੂ ਸੁਆਮੀ ਸੰਤ ਸਰਵਣ ਦਾਸ ਜੀ ਦਾ ਪਵਿੱਤਰ ਜਨਮ ਅਸਥਾਨ ਗਿੱਲ ਪੱਤੀ ਬਠਿੰਡਾ, ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਸਿਰਸਗੜ੍ਹ ਦੇ ਗੁਰੂ ਘਰਾਂ, ਬੇਗਮਪੁਰਾ ਅਖ਼ਬਾਰ ਸੁੰਦਰ ਨਗਰ ਵਿਖੇ ਅਣਥੱਕ ਸੇਵਾਵਾਂ ਨਿਭਾਈਆ। ਆਪ ਜੀ ਨੇ ਸ਼੍ਰੀ ਗੁਰੂ ਰਵਿਦਾਸ ਸਤਿਸੰਗ ਹਾਲ ਡੇਰਾ ਬੱਲਾਂ ਅਤੇ ਪਾਰਕਾਂ ਦੀ ਸੇਵਾ ਆਪਣੇ ਹੱਥੀਂ ਕਰਦੇ

ਸਨ। ਆਪ ਜੀ ਦੇ ਉੱਚੇ ਤੇ ਸੁੱਚੇ ਵਿਅਕਤੀਤਵ ਤੋਂ ਸੰਗਤਾਂ ਬਹੁਤ ਪ੍ਰਭਾਵਿਤ ਹੁੰਦੀਆਂ ਸਨ। ਆਪ ਜੀ ਦੀ ਨਿਮਰਤਾ,ਮਿਠਾਸ, ਮਸਤਕ ਚਿਹਰੇ ਦਾ ਪ੍ਰਭਾਵ ਹਰ ਪ੍ਰਾਣੀ ਨੂੰ ਆਪਣੇ ਵੱਲ ਖਿੱਚ ਲੈਂਦਾ । ਕਾਂਸ਼ੀ ਮੰਦਿਰ ਨਾਲ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਨੂੰ ਜੋੜਨਾਂ ,ਦੇਸ਼ ਦੇ ਕੋਨੇ-ਕੋਨੇ ਵਿੱਚ ਸੰਤ ਸੰਮੇਲਨਾਂ ਦਾ ਅਯੋਜਨ ਕਰਾਉਣ ਵਿੱਚ ਆਪ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ ਸੀ। ਆਪ ਜੀ ਦਾ ਪਵਿੱਤਰ ਨਾਮ ਰਵਿਦਾਸੀਆ ਸਮਾਜ ਦੇ ਮਹਾਨ ਸੰਤਾਂ-ਮਹਾਂਪਰਸ਼ਾਂ ਵਿੱਚ ਵਿਸ਼ੇਸ਼ ਰਿਹਾ ਅਤੇ ਰਹੇਗਾ।

ਆਪ ਜੀ ਨੇ ਨਾਮ ਦੀ ਦਾਤ ਸਤਿਗੁਰੂ ਹਰੀਦਾਸ ਜੀ ਅਤੇ ਭੇਖ ਦੀ ਦਾਤ ਸਤਿਗੁਰੂ ਗਰੀਬ ਦਾਸ ਜੀ ਤੋਂ ਪ੍ਰਾਪਤ ਕੀਤੀ । ਆਪ ਜੀ ਨੇ ਡੇਰੇ ਦੀਆਂ ਤਿੰਨ ਪੀੜ੍ਹੀਆਂ ਦੇ ਮਹਾਂਪੁਰਸ਼ਾਂ ਦੇ ਚਰਨ ਕਮਲਾਂ ਵਿੱਚ ਰਹਿ ਕੇ ਆਪਣੀਆ ਸੇਵਾਵਾਂ ਨਿਭਾਈਆਂ।ਆਪ ਜੀ ਦੇ ਜੀਵਨ ਦਾ ਇੱਕ ਇੱਕ ਪਲ ਸ਼੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਸਮਰਪਿਤ ਰਿਹਾ।ਵਿਦੇਸ਼ਾਂ ਵਿੱਚ ਗੁਰੂ ਘਰਾਂ ਦੇ ਨੀਂਹ ਪੱਥਰ ਰੱਖੇ ਅਤੇ ਵੱਖ ਵੱਖ ਸਮਾਗਮਾਂ ਵਿੱਚ ਹਾਜ਼ਰੀ ਭਰ ਕੇ ਸੰਗਤਾਂ ਨੂੰ ਉਪਦੇਸ਼ ਬਖਸ਼ਿਸ਼ ਕੀਤੇ। ਉੱਥੇ ਦੇ ਜੰਮਪਲ ਅਤੇ ਨੌਜਵਾਨ ਪੀੜ੍ਹੀ ਨੂੰ ਧਾਰਮਿਕ ਵਿਰਸੇ ਨਾਲ ਜੋੜਦੇ ਹੋਏ ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਦੇ ਮਾਣਮੱਤੇ ਇਤਿਹਾਸ ਨਾਲ ਜੋੜਿਆ। ਵਿਸ਼ੇਸ਼ ਤੌਰ ਤੇ ਜਗਤਗੁਰੂ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ , ਵਿਸ਼ਵ ਰਤਨ, ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਅਤੇ ਸ਼੍ਰੀ 108 ਸੰਤ ਸਰਵਣ ਦਾਸ ਜੀ ਦੇ ਜੀਵਨ ਅਤੇ ਫਲਸਫੇ ਤੇ ਵਿਸਥਾਰ ਪੂਰਵਕ ਜਾਣਕਾਰੀ ਹਾਸਿਲ ਕਰਵਾਈ ਨਾਲ-ਨਾਲ ਦਲਿਤ ਇਤਿਹਾਸ ਪੜ੍ਹਨ ਦੀ ਵੀ ਪ੍ਰੇਰਣਾ ਦਿੱਤੀ ।

# ਵਿਦੇਸ਼ਾਂ ਵਿੱਚ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਕਰਨਾ

ਆਪ ਜੀ ਪਹਿਲੀ ਵਿਦੇਸ਼ ਯਾਤਰਾ 14 ਅਗਸਤ 1985 ਤੋਂ 21 ਸਤੰਬਰ 1985 ਯੂ.ਕੇ, ਦੂਸਰੀ ਵਾਰ 2 ਅਗਸਤ 1986 ਤੋਂ 27 ਸਤੰਬਰ 1986 ਯੂ.ਕੇ, ਤੀਸਰੀ ਵਾਰ 8 ਅਗਸਤ 1988 ਤੋਂ ਸਤੰਬਰ 1988 ਯੂ.ਕੇ , ਚੌਥੀ ਵਾਰ 26 ਸਤੰਬਰ 1990 ਤੋਂ 19 ਨਵੰਬਰ 1990 ਯੂ.ਕੇ ਫਿਰ 1992 ਵਿੱਚ 12 ਮਾਰਚ ਤੋਂ 8 ਮਈ 1992 ਇੰਗਲੈਂਡ ਅਤੇ ਅਮਰੀਕਾ ਅਤੇ ਕੈਨੇਡਾ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਨਾਲ ਗਏ। ਆਪ ਜੀ ਦੀ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਨਾਲ ਆਖ਼ਰੀ ਵਿਦੇਸ਼ ਯਾਤਰਾ 9 ਅਕਤੂਬਰ 1993 ਤੋਂ 26 ਨਵੰਬਰ 1993 ਇੰਗਲੈਂਡ,ਅਮਰੀਕਾ ਅਤੇ ਕੈਨੇਡਾ ਦੀ ਸੀ। ਇਸ ਧਰਮ ਹਿੱਤ ਯਾਤਰਾ ਦੌਰਾਨ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਨੇ ਆਪ ਜੀ ਨਾਲ ਪਹਿਲਾਂ ਹੀ ਵਚਨ ਕੀਤੇ ਸਨ ਕਿ ਇਹ ਮੇਰੀ ਆਖ਼ਰੀ ਵਿਦੇਸ਼ ਯਾਤਰਾ ਹੈ। ਇਨ੍ਹਾਂ ਯਾਤਰਾਵਾਂ ਦੌਰਾਨ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਨਾਲ ਆਪ 1 ਸਤੰਬਰ 1985 ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ 181 ਡਡਲੀ ਰੋਡ ਵੁਲਵਰਹੈਪਟਨ ਵੈਸਟ ਮਿਡਲੈਂਡ ਦੇ ਸ਼ੁੱਭ ਉਦਘਾਟਨ ਸਮੇਂ ਸ਼ਾਮਿਲ ਹੋਏ। 15 ਅਪ੍ਰੈਲ 1990 ਨੂੰ ਸ਼੍ਰੀ ਗੁਰੂ ਰਵਿਦਾਸ ਭਵਨ ਯੂਨੀਅਨ ਰੋਡ ਹੈਂਡਸਵਰਥ ਬਰਮਿੰਘਮ ਦੇ ਨੀਂਹ ਪੱਥਰ ਰੱਖੇ ਗਏ ਅਤੇ ਇਸ ਸੁਭਾਗੇ ਸਮੇਂ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਨੇ 1100 ਪੌਂਡ ਇਸ ਗੁਰੂ ਘਰ ਨੂੰ ਉਸਾਰੀ ਲਈ ਸੇਵਾ ਵਜੋਂ ਦਿੱਤੇ । ਫਿਰ ਇਸ ਗੁਰੂ ਘਰ ਦੇ ਉਦਘਾਟਨ ਸਮੇਂ 12 ਮਾਰਚ 1992 ਨੂੰ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਨਾਲ ਸੰਤ ਰਾਮਾ ਨੰਦ ਜੀ ਪਧਾਰੇ, ਭੋਗ ਪੈਣ ਉਪਰੰਤ ਕੀਰਤਨ ਅਤੇ ਕਥਾ ਵਿਚਾਰਾਂ ਹੋਈਆ। ਇਸ ਸ਼ੁੱਭ ਮੌਕੇ ਤੇ ਜੋ ਵੀ ਮਾਇਆ ਮਹਾਂਪੁਰਸ਼ਾ ਨੂੰ ਭੇਟਾਂ ਅਤੇ ਬਾਣੀ ਦੇ ਸਤਿਕਾਰ ਵਿੱਚ ਮੱਥਾ ਟੇਕਣ ਤੋਂ 84000 ਪੌਂਡ ਇੱਕਤਰ ਹੋਈ ਸਾਰੀ ਦੀ ਸਾਰੀ ਪ੍ਰਬੰਧਕ ਕਮੇਟੀ ਨੂੰ ਗੁਰੂ ਘਰ ਦੀ ਉਸਾਰੀ ਲਈ ਭੇਂਟ ਕਰ ਦਿੱਤੀ । ਸੰਤ ਰਾਮਾ ਨੰਦ ਜੀ ਅੰਦਰ ਸੇਵਾ ਦੀ ਭਾਵਨਾ ਪੂਰਬਲੇ ਮਹਾਂਪੁਰਸ਼ਾਂ ਵਲੋਂ ਕੁੱਟ ਕੁੱਟ ਕੇ ਭਰੀ ਹੋਈ ਸੀ। 22 ਮਾਰਚ 1992 ਨੂੰ ਸੰਤ ਰਾਮਾਨੰਦ ਜੀ ਅਤੇ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਵਲੋਂ ਸ਼੍ਰੀ ਗੁਰੂ ਰਵਿਦਾਸ ਟੈਪਲ ਸਾਊਥਐਪਟਨ ਦਾ ਉਦਘਾਟਨ ਆਪਣੇ ਕਰ ਕਮਲਾ ਨਾਲ ਕੀਤਾ । 19 ਅਪ੍ਰੈਲ 1992 ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਕੁਵੈਂਟਰੀ ਦੇ ਨੀਂਹ ਪੱਥਰ ਦੋਨਾਂ ਮਹਾਂਪੁਰਸ਼ਾਂ ਵਲੋਂ ਰੱਖੇ ਗਏ।ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਨਾਲ ਆਪ ਜੀ 16 ਮਈ 1992 ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਕੈਲੀਫੋਰਨੀਆ(ਯੂ.ਐਸ.ਏ) ਦੇ ਉਦਘਾਟਨ ਵਿੱਚ ਸ਼ਾਮਿਲ ਹੋ ਕੇ ਅਰਦਾਸ ਕੀਤੀ ਆਪ 31 ਅਕਤੂਬਰ 1993 ਦਿਨ ਐਤਵਾਰ ਨੂੰ ਮਹਾਰਾਜ ਜੀ ਨਾਲ ਸ਼੍ਰੀ ਗੁਰੂ ਰਵਿਦਾਸ ਭਵਨ 1 ਵੀਕਾਰੇਜ ਰੋਡ ਸਟਰੂਡਕੈਂਟ ਦੇ ਉਦਘਾਟਨ ਸਮਾਗਮਾਂ ਵਿੱਚ ਸ਼ਾਮਿਲ ਹੋਏ ਅਤੇ ਸੰਗਤਾਂ ਨੂੰ ਜਗਤਗੁਰੂ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਜੀਵਨ ਇਤਿਹਾਸ ਅਤੇ ਉਹਨਾਂ ਦੀ ਮੁਬਾਰਕ

ਰਸਨਾਂ 'ਚੋਂ ਉਚਾਰਨ ਪਵਿੱਤਰ ਅਨਮੋਲ-ਰੂਹਾਨੀ ਵਚਨਾਂ ਦਾ ਸਤਿਸੰਗ ਰਾਹੀਂ ਕ੍ਰਿਤਾਰਥ ਕੀਤਾ। ਇਸ ਦੌਰਾਨ ਹੀ ਆਪ ਜੀ 1993 ਵਿੱਚ ਸ਼੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਯੂ.ਐਸ.ਏ ਦੇ ਨੀਂਹ ਪੱਥਰ ਰੱਖੇ।

ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਜਦੋਂ ਵੀ ਵਿਦੇਸ਼ ਵਿੱਚ ਜਾਂਦੇ ਆਪ ਜੀ ਨੂੰ ਨਾਲ ਹੀ ਲੈ ਕੇ ਜਾਂਦੇ । ਆਪ ਜੀ ਸਤਿਗੁਰਾਂ ਦੇ ਵਜ਼ੀਰ ਵਜੋਂ ਜਾਣੇ ਜਾਂਦੇ ਸਨ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਆਪ ਜੀ ਨੂੰ ਵੀ ਦੇਸ਼-ਵਿਦੇਸ਼ ਵਿਚਲੇ ਗੁਰੂ ਘਰਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਹਿੰਦਾ ਸੀ।ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ।ਵਿਦੇਸ਼ ਵਿੱਚ ਵੱਸਦੀ ਯੁਵਾ ਪੀੜ੍ਹੀ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਨ ਵਿੱਚ ਆਪ ਜੀ ਦਾ ਵਿਸ਼ੇਸ਼ ਯੋਗਦਾਨ ਸੀ। ਇਹੋ ਹੀ ਕਾਰਨ ਰਿਹਾ ਕਿ ਵਿਦੇਸ਼ਾਂ ਵਿਚਲੀ ਸੰਗਤ ਹਰ ਗੁਰਪੁਰਬ ਤੇ ਕਾਂਸ਼ੀ (ਬਨਾਰਸ) ਦੇ ਦਰਸ਼ਨਾ ਲਈ ਭਾਰਤ ਆਉਂਦੀ । ਆਪ ਜੀ ਕਈ-ਕਈ ਦਿਨ ਰਾਤ ਵਿਦੇਸ਼ ਵਿੱਚ ਰਹਿੰਦੀ ਸੰਗਤਾਂ ਦੇ ਗ੍ਰਿਹਿ ਵਿਖੇ ਸਤਿਸੰਗ ਕਰਦੇ ਅਤੇ ਕਈ-ਕਈ ਦਿਨ ਰਾਤ ਰੂਹਾਨੀ ਸਤਿਸੰਗ ਦੇ ਪ੍ਰਵਾਹ ਚਲਦੇ ।

23 ਜੁਲਾਈ 1994 ਨੂੰ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਦੇ ਚੋਲਾ ਛੱਡ ਜਾਣ ਉਪਰੰਤ ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਦੇ ਨਾਲ 1994 ਈ. ਤੋਂ ਬਾਅਦ 2009 ਈ. ਤੱਕ ਹਰ ਸਾਲ ਇੰਗਲੈਂਡ, ਅਮਰੀਕਾ, ਕਨੈਡਾ, ਯੂਰਪ, ਇਟਲੀ, ਗਰੀਸ, ਜਰਮਨੀ, ਫਰਾਂਸ, ਪੁਰਤਗਾਲ, ਸਪੇਨ ਅਤੇ ਯੂ. ਏ. ਈ. ਵਿੱਚ ਜਾ ਕੇ ਜਗਤਗੁਰੂ ਰਵਿਦਾਸ ਮਿਸ਼ਨ ਦਾ ਪ੍ਰਚਾਰ ਕੀਤਾ । ਸੰਤ ਰਾਮਾਨੰਦ ਜੀ ਦੀ ਪ੍ਰੇਰਣਾ ਸਦਕਾ ਯੂ.ਕੇ ਦੀਆ ਸੰਗਤਾਂ ਵਲੋਂ ਸ਼੍ਰੀ ਗੁਰੂ ਰਵਿਦਾਸ ਭਵਨ ਡੇਰਾ ਸੱਚਖੰਡ ਬੱਲਾਂ ਲਈ ਸਵਰਨ ਪਾਲਕੀ ਭੇਂਟ ਕੀਤੀ ਅਤੇ ਯੂਰਪ ਦੀ ਸੰਗਤ ਵਲੋਂ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਲਈ ਸਵਰਨ ਪਾਲਕੀ ਭੇਟ ਕੀਤੀ ਗਈ ਜਿਸ ਦਾ ਉਦਘਾਟਨ ਭੈਣ ਕੁਮਾਰੀ ਮਾਇਅਵਤੀ ਜੀ ਦੇ ਸ਼ੁੱਭ ਕਰ ਕਮਲਾਂ ਨਾਲ ਕੀਤਾ ਗਿਆ ਸੀ।

ਆਪ ਬੇਗਮਪੁਰਾ ਸ਼ਹਿਰ ਵੀਕਲੀ ਪੱਤ੍ਰਿਕਾ ਦੇ ਮੁੱਖ ਸੰਪਾਦਕ, ਸ਼੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਪੰਜਾਬ ਦੇ ਚੇਅਰਮੈਨ, ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਦੇ ਉਪ ਚੇਅਰਮੈਨ ਵਜੋਂ ਆਪਣੀਆਂ ਸੇਵਾਵਾਂ ਪੂਰੀ ਤਨ ਦੇਹੀ ਨਾਲ ਬਾਖੂਬੀ ਨਿਭਾਈਆਂ। ਧਾਰਮਿਕ ਸਟੇਜ਼ਾਂ ਦੇ ਸ਼ਿੰਗਾਰ, ਰਵਿਦਾਸੀਆਂ ਦੀ ਜ਼ਿੰਦ ਜਾਨ, ਨਿਧੜਕ ਬੁਲਾਰੇ, ਬੁਲੰਦ ਅਵਾਜ਼ ਦੇ ਮਾਲਿਕ, ਅਵਾਜ਼-ਏ-ਰਵਿਦਾਸੀਆ ਕੌਮ, ਸ਼੍ਰੀ 108 ਸੰਤ ਰਾਮਾਨੰਦ ਜੀ ਜਦੋਂ ਕਿਸੇ ਧਾਰਮਿਕ ਸਮਾਗਮ ਵਿੱਚ ਜਾਂਦੇ, ਸੰਗਤਾਂ ਗਦ-ਗਦ ਹੋ ਉੱਠਦੀਆਂ,ਪ੍ਰਬੰਧਕਾਂ ਦੇ ਚਿਹਰੇ ਖਿੜ ਜਾਂਦੇ। ਸੱਤਾਂ ਸਮੁੰਦਰਾਂ ਤੋਂ ਪਾਰ ਵਸਦੀਆਂ ਸੰਗਤਾਂ ਵੀ ਆਪ ਜੀ ਦੀ ਉਡੀਕ ਵਿੱਚ ਰਹਿੰਦੀਆਂ। ਡੇਰਾਂ ਸੱਚਖੰਡ ਬੱਲਾਂ ਵਿੱਚ ਆਪ ਜੀ ਦੇ ਬਣਾਏ ਹੋਏ ਅਨੇਕਾਂ ਗ੍ਰੰਥੀ ਅੱਜ ਰਵਿਦਾਸੀਆ ਧਰਮ ਹਿੱਤ ਪ੍ਰਚਾਰ ਪ੍ਰਸਾਰ ਕਰ ਰਹੇ ਹਨ। ਆਪ ਜੀ ਦੁਆਰਾ ਇਨ੍ਹਾਂ ਨੂੰ ਸ਼ੁੱਧ ਬਾਣੀ ਉਚਾਰਣ ਦੀ ਤਾਲੀਮ ਦਿੱਤੀ ਗਈ। ਡੇਰੇ ਵਿੱਚ ਹੀ ਸ਼੍ਰੀ ਗੁਰੂ ਰਵਿਦਾਸ ਸੰਗੀਤ ਅਕੈਡਮੀ ਦਾ ਵੀ ਅਯੋਜਨ ਕੀਤਾ ਗਿਆ ਸੀ। ਆਪ

ਜੀ ਯੰਤਰੀ ਵਿੱਦਿਆ ਦੇ ਬਹੁਤ ਮਾਹਿਰ ਸਨ। ਦੇਸੀ ਜੜ੍ਹੀ-ਬੂਟੀਆਂ ਦਵਾ-ਦਾਰੂ ਦੀ ਮੁਹਾਰਤ ਆਪ ਜੀ ਨੇ ਡੇਰੇ ਦੇ ਵੱਡੇ ਮਹਾਂਪੁਰਸ਼ਾਂ ਪਾਸੋਂ ਹੀ ਹਾਸਿਲ ਕਰ ਲਈ ਸੀ। ਡੇਰੇ ਵਿੱਚ ਬੁੱਧੀਜੀਵੀ ਅਤੇ ਮਿਸ਼ਨਰੀ ਲੇਖਕਾਂ, ਕਵੀਆਂ, ਸਾਹਿਤਕਾਰਾਂ, ਸੰਗੀਤਕਾਰਾਂ, ਕੀਰਤਨ ਜੱਥਿਆਂ ਨੂੰ ਉਤਸ਼ਾਹਿਤ ਕਰਨ ਲਈ ਉਹਨਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕਰਨ ਵਿੱਚ ਆਪ ਜੀ ਦਾ ਵਿਸ਼ੇਸ ਯੋਗਦਾਨ ਰਿਹਾ ਹੈ। ਆਪ ਜੀ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਅਤੇ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਵਜ਼ੀਰ ਵਜੋਂ ਜਾਣੇ ਜਾਂਦੇ ਸਨ ਅਤੇ ਡੇਰੇ ਦੇ ਮਹਾਂਪੁਰਸ਼ ਵੀ ਡੇਰੇ ਦੀ ਉਸਾਰੀ ਦਾ ਹਰ ਕੰਮ ਆਪ ਜੀ ਨਾਲ ਸਲਾਹ ਕਰਨ ਉਪਰੰਤ ਕਰਦੇ ਸਨ। ਆਪ ਜੀ ਦੇ ਨਾਲ ਸਹਾਇਕ ਵਜੋਂ ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਵਿਸ਼ੇਸ਼ ਸਹਿਯੋਗ ਰਿਹਾ ਹੈ। ਡੇਰੇ ਅਤੇ ਮਿਸ਼ਨ ਦੀ ਚੜ੍ਹਦੀ ਕਲਾ ਲਈ ਆਪ ਜੀ ਨੇ ਦਿਨ-ਰਾਤ ਮਿਹਨਤ ਕੀਤੀ। ਸੰਗਤਾਂ ਨੂੰ ਸੇਵਾ ਤੇ ਸਿਮਰਨ ਨਾਲ ਜੋੜਿਆ।ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਹਿੱਤ ਅਤੇ ਗਰੀਬਾਂ,ਲੋੜਵੰਦਾਂ ਦੀ ਭਲਾਈ ਤੇ ਬੇਹਤਰੀ ਲਈ ਡੇਰੇ ਵਲੋਂ ਸਿਹਤ ਅਤੇ ਵਿੱਦਿਆ ਦੇ ਖੇਤਰ ਵਿੱਚ ਪਾਏ ਗਏ ਯੋਗਦਾਨ ਸਕੂਲਾਂ,ਹਸਪਤਾਲਾ ਦੀ ਉਸਾਰੀ ਨੂੰ ਦੇਖਦੇ ਹੋਏ ਵਿਸ਼ਵ ਦੇ ਅਨੇਕਾਂ ਦੇਸ਼ਾਂ ਦੀਆਂ ਸਭਾਵਾਂ ਵਲੋਂ ਮਿਲੇਨੀਅਮ 2000 ਐਵਾਰਡ ਬੜੇ ਅਦਬ ਸਤਿਕਾਰ ਨਾਲ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਅਤੇ ਸੰਤ ਰਾਮਾ ਨੰਦ ਜੀ ਨੂੰ ਸਨਮਾਨ ਵਜੋਂ ਇਸ ਪ੍ਰਕਾਰ ਦਿੱਤੇ ਗਏ।

- ✍ ਸ਼੍ਰੀ ਗੁਰੂ ਰਵਿਦਾਸ ਸਭਾ ਬੈਡਫੋਰਡ ਦੀ ਲੇਨ ਅਮਬਰਨਹਮ ਰੋਡ ਬੈਡਫੋਰਡ ਐਮ.ਕੇ.40 ਆਈ .ਈ.ਡੀ.
- ✍ ਸ਼੍ਰੀ ਗੁਰੂ ਰਵਿਦਾਸ ਸਭਾ ਸਾਊਥਹਾਲ ਮਿਡਲਸੈਕਸ ਲੰਡਨ
- ✍ ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਫਰੀਮਾਉਂਟ ਵਲੋਂ ਸ਼੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਕੈਲੇਫੋਰਨੀਆ ਯੂ.ਐਸ.ਏ ਵਿਖੇ
- ✍ ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਫਰੀਮਾਉਂਟ ਯੂ.ਐਸ.ਏ ਵਲੋਂ ਸ਼੍ਰੀ ਗੁਰੂ ਰਵਿਦਾਸ ਟੈਂਪਲ ਪੀਟਰਬਰਗ ਕੈਲੇਫੋਰਨੀਆ ਯੂ.ਐਸ.ਏ ਵਿਖੇ
- ✍ ਸ਼੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਕੈਨੇਡਾ ਸ਼੍ਰੀ ਗੁਰੂ ਰਵਿਦਾਸ ਮਾਰਗ ਆਸਟੋਰੀਆ ਨਿਊਯਾਰਕ
- ✍ ਸ਼੍ਰੀ ਗੁਰੂ ਰਵਿਦਾਸ ਸਭਾ ਮਿਡਵੇਅ ਸਾਰੀਆ ਸਭਾਵਾ ਵਲੋਂ

ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਅਤੇ ਸੰਤ ਰਾਮਾ ਨੰਦ ਜੀ ਦਾ ਮਿਲੇਨੀਅਮ ਐਵਾਰਡ 2000 ਨਾਲ ਸਨਮਾਨ ਕੀਤਾ ਗਿਆ। ਇਹ ਐਵਾਰਡ ਮਹਾਂਪੁਰਸ਼ਾ ਨੂੰ ਭਾਰੀ ਗਿਣਤੀ ਵਿੱਚ ਸੰਗਤਾਂ ਦੀ ਹਾਜ਼ਰੀ ਵਿੱਚ ਦਿੱਤੇ ਗਏ।

ਡਾ. ਜਸਵੀਰ ਸਿੰਘ ਸਾਬਰ ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਬੇਗਮਪੁਰਾ ਸੋਵੀਨਰ 2004 ਦੇ ਸੰਦੇਸ਼ ਵਿੱਚ ਲਿਖਦੇ ਹਨ :

"ਸੰਤ ਰਾਮਾ ਨੰਦ ਜੀ ਸਰਸਵਤੀ ਦੇ ਵਰਦਾਨ ਨਾਲ ਅਲੰਕ੍ਰਿਤ ਹਨ ਜੋ ਆਪਣੀ ਮਧੁਰ ਰਸਨਾ ਰਾਹੀਂ ਸ਼੍ਰੀ ਗੁਰੂ ਰਵਿਦਾਸ ਬਾਣੀ ਦਾ ਗਾਇਨ ਕਰਦਿਆਂ ਸੰਗਤ ਨੂੰ ਵਿਸਮਾਦੀ ਆਨੰਦ ਦੀ ਅਵਸਥਾ ਵਿੱਚ ਪਹੁੰਚਾ ਦਿੰਦੇ ਹਨ।"

ਸੰਤ ਰਾਮਾ ਨੰਦ ਜੀ ਇੱਕ ਚੰਗੇ ਐਡਮਨਿਸਟ੍ਰੇਟਰ ਵੀ ਸਨ ਜੋ ਡੇਰੇ ਦੀ ਸੇਵਾ ਸੰਭਾਲ ਤੋਂ ਇਲਾਵਾ ਵਿਸ਼ਵ ਦੀਆਂ ਸ਼੍ਰੀ ਗੁਰੂ ਰਵਿਦਾਸ ਸਭਾਵਾਂ ਨਾਲ ਸੰਪਰਕ ਵਿੱਚ ਸਨ।ਸਾਰੀਆਂ ਸਭਾਵਾਂ ਦੇ ਮੈਂਬਰਾਂ ਦੇ ਨਾਮ ਜ਼ੁਬਾਨੀ ਜਾਣਦੇ ਸਨ।ਭਾਰਤ ਵਿੱਚ ਵੀ ਹਰੇਕ ਰਾਜ ਦੇ ਸੰਤਾਂ ਮਹਾਂਪੁਰਸ਼ਾ,ਸਭਾ ਸੁਸਾਇਟੀਆਂ ਨਾਲ ਤਾਲਮੇਲ ਰੱਖਣਾ ਅਤੇ ਦੇਸ਼ ਦੇ ਕੋਨੇ-ਕੋਨੇ ਵਿੱਚ ਸੰਤ ਸੰਮੇਲਨਾਂ ਵਿੱਚ ਸ਼ਮੂਲੀਅਤ ਕਰਦੇ ਸਨ। ਕੀਰਤਨ ਦਾ ਸਾਰਾ ਚੜ੍ਹਾਵਾ ਪ੍ਰਬੰਧਕਾਂ ਨੂੰ ਹੀ ਦੇ ਦਿੰਦੇ ਸਨ। ਡੇਰੇ ਵਲੋਂ ਚਲਾਏ ਜਾ ਰਹੇ ਵਿੱਦਿਅਕ ਅਦਾਰਿਆਂ ਦੀ,ਹਸਪਤਾਲਾਂ ਦੀ ਪ੍ਰਗਤੀ ਰਿਪੋਰਟ ਵਾਚਦੇ ਉਸ ਵਿੱਚ ਜੋ ਵੀ ਕਮੀ ਜੋ ਵੀ ਤਰੁੱਟੀ ਨਜ਼ਰ ਆਉਂਦੀ ਨਿੱਜੀ ਧਿਆਨ ਦੇ ਕੇ ਉਸ ਨੂੰ ਦੂਰ ਕਰਦੇ।ਬਿਲਡਿੰਗ ਉਸਾਰੀ ਦੇ ਸਾਰੇ ਕੰਮਾਂ ਵਿੱਚ ਤਵੱਜੋ ਦੇ ਕੇ ਵੱਧ ਤੋਂ ਵੱਧ ਸਮਾਂ ਲਗਾਉਂਦੇ ਅਤੇ ਆਪਣੇ ਹੱਥੀਂ ਵੀ ਸੇਵਾ ਕਰਦੇ ਆਪਣੇ ਹੱਥੀਂ ਜੜ੍ਹੀ ਬੂਟੀਆਂ ਸੁਕਾ ਕੇ ਕੁੱਟਣੀਆਂ, ਦਵਾਈ ਤਿਆਰ ਕਰਨੀ । ਸੇਵਾ ਤੇ ਸਿਮਰਨ ਆਪ ਜੀ ਦੀ ਰੂਹ ਦੀ ਖੁਰਾਕ ਸੀ। ਰਾਜਨੀਤੀ ਤੋਂ ਕੋਹਾਂ ਦੂਰ ਰਹਿ ਕੇ ਆਪ ਸਮਾਜਿਕ ਤੇ ਧਾਰਮਿਕ ਕੰਮਾਂ ਵਿੱਚ ਲੀਨ ਰਹਿੰਦੇ ਸਨ। ਸਾਰੀਆਂ ਰਾਜਨੀਤਕ ਪਾਰਟੀਆਂ ਦਾ ਡੇਰੇ ਵਿੱਚ ਆਉਣ ਤੇ ਬਰਾਬਰ ਸਤਿਕਾਰ ਕਰਦੇ ਸਨ। ਆਪ ਜੀ ਨੂੰ ਦਲਿਤ ਸਾਹਿਤ ਅਕੈਡਮੀ ਵਲੋਂ ਵੀ ਸਨਮਾਨਿਤ ਕੀਤਾ ਗਿਆ ।ਸਾਹਿਤਕ ਕੰਮਾਂ ਦੀ ਜ਼ਿੰਮੇਵਾਰੀ ,ਕਿਤਾਬਾਂ ਦੀ ਛਪਾਈ ,ਪਰੂਫ ਰੀਡਿੰਗ,ਲਾਇਬਰੇਰੀ,ਦਸਤਾਵੇਜ਼ਾਂ ਦੀ ਜ਼ਿੰਮੇਵਾਰੀ ਆਪ ਜੀ ਨੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਜ਼ਿੰਮੇ ਲਗਵਾਈ ਹੋਈ ਸੀ ਜੋ ਉਹਨਾਂ ਪੂਰੀ ਜ਼ਿੰਮੇਵਾਰੀ ਨਾਲ ਨਿਭਾਈ।

# ਲੰਡਨ ਦੇ ਪਾਰਲੀਮੈਂਟ ਵਿੱਚ ਸਤਿਸੰਗ

ਆਪ ਪੜ੍ਹੇ ਲਿਖੇ ਉਚ ਕੋਟੀ ਦੇ ਵਿਦਵਾਨ ਸਨ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਤੋਂ ਜਾਣੂ ਸਨ। ਬੇਗਮਪੁਰਾ ਸ਼ਹਿਰ ਪੱਤ੍ਰਿਕਾ 2007, 2 ਅਪ੍ਰੈਲ ਵਿੱਚ ਛਪੀ ਰਿਪੋਰਟ ਮੁਤਾਬਕ ਸ੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫ਼ਾਰ ਹਿਊਮਨ ਰਾਈਟਜ਼ ਦੇ ਵਿਸ਼ੇਸ਼ ਸੱਦੇ ਤੇ ਆਪ ਜੀ 27 ਮਾਰਚ ਭਾਰਤ ਤੋਂ ਰਵਾਨਾ ਹੋਏ ਅਤੇ 28 ਮਾਰਚ ਸਿੱਧੇ ਲੰਡਨ ਦੀ ਹਾਊਸ ਆਫ਼ ਕਾਮਨ ਦੇ ਪਾਰਲੀਮੈਂਟ ਹਾਲ ਵਿਖੇ ਪਧਾਰੇ, ਜਿਥੇ ਆਪ ਜੀ ਦਾ ਸ੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਆਰਗੇਨਾਇਜ਼ੇਸ਼ਨ ਦੇ ਸਮੂਹ ਮੈਂਬਰ,ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਦੇ ਸਮੂਹ ਮੈਂਬਰ, ਸੰਸਦ ਮੈਂਬਰ, ਦੇਸ਼ਪ੍ਰਦੇਸ਼ ਤੋਂ ਆਏ ਡੈਲੀਗੇਟਸ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਆਪ ਜੀ ਨੇ ਅੰਗਰੇਜ਼ੀ ਵਿੱਚ ਹਾਊਸ ਆਫ਼ ਕਾਮਨ ਦੇ ਸੰਸਦੀ ਮੈਂਬਰਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਾਨਵਵਾਦੀ ਫ਼ਲਸਫ਼ੇ ਤੋਂ ਜਾਣੂ ਕਰਵਾਇਆ।

ਸਭ ਤੋਂ ਪਹਿਲਾ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮੁਬਾਰਕ ਰਸਨਾਂ ਤੋਂ ਉਚਾਰਨ ਆਰਤੀ ਦਾ ਉਚਾਰਣ ਕੀਤਾ ਉਪਰੰਤ ਅੰਗਰੇਜ਼ੀ ਵਿੱਚ ਇਸ ਪ੍ਰਕਾਰ ਸਤਿਸੰਗ ਕੀਤਾ ਗਿਆ।

**Jai Gurudev and Good morning everybody.**

His holiness saint Naranjan das ji , Hon'ble members of parliament members of Shri Guru Ravidas International Organisation for human rights , member of Sant Sarwan Das Charitable Trust U.K.,distinguished guests, ladies and gentlemen, it gives me immense pleasure on being present in this august gathering which has assembled here to celebrate birthday of our revered Guru Shri Guru Ravidas Ji. It is a matter of some pride for followers of Guru Ji throughout the world that these celebrations are being held in the parliament building of this great nation and world's oldest democracy . I thank the members of the international organisation for Human Rights that they have given us the opportunity to be among you on this historic occasion.

The object stated by Sh. Guru Ravidas international organisation for Human Rights are very noble. Drawing an inspiration from the teaching of Guru Ravidas ji they

are committed to help the needy and suffering people throughout the world especially those from the most discriminated section of Indian society. I wish them sucess in their mission. It is due to the efforts of such organisations that the world has seen some amelioration in poverty of the most disadvantaged sections of society. I hope they will, not only keep up the good work they are doing but also step up their efforts in this direction.

The Philosophy of Guru Ravidas ji is a vast ocean on spiritual,ethical and social thought. Time does not permit me to, deliberate in detail on each aspect of his teachings,but for those in this gathering who may not have heard much about Guru ji. I wish to touch briefly on some points.Guru Ravidas ji was born at varanasi India in the lowest rung of Indian society.according to the Hindu caste system.This period is known as "Bhakti Movement" in Indian history in which many saints committed themselves to the reformation of Hindu society through their teachings.Guru Ravidas ji is considered a shiromani saint i.e one of the greatest saints of this movement.His spiritual stature rose to such heights that even kings and queens of the time became his disciples.His believed that God can be achieved only though "Naam" i.e mediation,through recitation of his Name. Major portion of his teachings is devoted to the importance of "Naam" in our lives.He starts with as simple a thing as

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥

That is very reciting Har Har Har Har Har Har Harey while meditating on God the saints and sinners achieve salvation.

He Further explains the futility of all religion scriatures as compared to "Naam”

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ॥
ਬਿਆਸ ਬਿਚਾਰਿ ਕਹਿਓ ਪਰਮਾਰਥ ਰਾਮ ਨਾਮ ਸਾਰਿ ਨਾਹੀ॥

Various religion scriptures-shastras,purans and the Vedas of Brahaman are made of thirty four letters of alphabet.After having thought carefully Vyas has stated that none of the religious scriptures is equal to name of God. His famous composition is known as Aarti

ਨਾਮ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥

In this aarti he says that your name, Lord is in my adortion and cleaning bath.Without the name of God ostentatious displays are useless.He sees God's name in all articles displayed for worship.

The second point which I wish to make is that Guru Ravidas Ji demolished the concept of caste system which was prevailing very strongly at that time having been given the religion sanctity as per some Hindu scriptures

ਜਿਹ ਕੁਲ ਸਾਧ ਬੈਸਨੋ ਹੋਇ॥
ਬਰਨ ਅਬਰਨ ਰੰਕੁ ਨਹੀ ਈਸੁਰੁ
ਬਿਮਲ ਬਾਸੁ ਜਾਨੀਐ ਜਗਿ ਸੋਇ॥1॥ਰਹਾਉ॥
ਬ੍ਰਾਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਲ ਮਲੇਛ ਮਨ ਸੋਇ
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥1॥

That family into which a holy person is born. Whether it is of higher or low caste. Whether rich or poor becomes meaningless. His spiritual fragrance spread all over the world. Whether he is a Brahmin, a Vaishya, a Shudra or a Kshatrya, whether he is a poet or a filthy minded person becomes pure by meditating on the lord God.He saves himself and families of both the parents.

When he says

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥

He means that the lord our king in father to no one i.e He is not anybody's personal property except those who love him.

**ਕਹਿ ਰਵਿਦਾਸ ਜੋ ਜੱਪੇ ਨਾਮੁ॥**

**ਤਿਸੁ ਜਾਤਿ ਨ ਜਨਮ ਨ ਜੋਨਿ ਕਾਮੁ॥**

That is one who utters the lord's name,he has no concern with caste, birth and rebirth.

Guru Ravidas ji has also enunciated very clearly his philosophy about ethical value of life.He explicitly denounces ego and is of the view that a person with ego can not achieve God.he says

**ਜਬ ਹਮ ਹੋਤੇ ਤਬ ਤੂੰ ਨਾਂਹਿ ਅਬ ਤੂਹਿ ਮੈ ਨਾਹਿ॥**

When there was egotism in me.You were not with me. Now that you are there there is no egotism. He denounces five vices and subtle manifestation of ego in human being when he says

**ਦੇਵ ਸੰਸੇ ਗਾਂਠਿ ਨ ਛੁਟੇ॥**

**ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ॥1॥ਰਹਾਉ॥**

**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ**

**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥2॥**

It means "O Divine Lord, the knot of doubt cannot be united, lust anger, worldly valuables, egotism and jealousy these five have combined to plunder the world .I am a religious scholar, I am Yogi and Sanyasi. I am full of virtues. I am a warrior and a great donor, such thinking never perishes in the human being. It is difficult to come across a more vived and a higher plane of life's philosophy.

Indian diaspora is spread throughout the world. Quite a large number of them are in U.K. whereas they are contributing a lot towards the development of economy of this country, they have not forgotten their motherland

also. They have been contributing organisations committed to social upliftment. They have generously supported such project being run by Dera Sant Sarwan Das Ji in India. This support has mainly come through Sant Sarwan Das Charitable Trust U.K a registered body with the charities commission for England and Wales.There have been direct contribution also Sant Sarwan Das Charitable Hospital Trust Under the chairmanship of Sant Naranjan Das ji running a 200 bed charitable hospital an English medium CBSE affiliated school and a exclusive eye hospital for the benefit of poor people.

Similarly Sh. Guru Ravidas Janam Asthan public Charitable Trust under the chairmanship of Sant Naranjan das ji is managing the affairs of Sh. Guru Ravidas Janam Asthan Mandir at Seer Goverdhanpur varanasi the birth place of Guru ji. This temple was built under the aegis of Dera Sant Sarwan Das Ji due to the effort of Sant Sarwan Das Ji who had a mission to spread the teaching of Guru ji for & wide. This temple at varanasi has become the "Ultimate place of pilgrimage" for Guru ji's followers. They assemble in large number from the whole world at this temple for the birthday celebration of Guru ji. They feel a sense of pride in the fact that at last they have a memorial for their Guru in the city of varanasi, considered capital of Hinduism a religion which did not give recognition to Guru Ravidas ji until he proved his spiritual power. This temple at Varanasi has become a source of inspiration for Guru ji's followers through out the world. During the last few year they have built Guru Ravidas temple in almost all the towns of the world wherever they happen to live even in small number. Now world wide there is a strong urge among Guru ji's followers of establishing a separate identity of their

own.But the pre-requisities for any people to establish a separate identity are (1) common name (2) common Guru (3) Common place of pilgrimage (4) Common religion book (5) Common religion symbol and a common method of salutation.It is for the intellectuals thinkers and various religious institution to debate over these issues and take a well considered decision.The earlier it is done,better it will be for the community.Before closing my comments i wish to impress upon all of you to adopt Guru ji's teachings in your life.Follow the "Naam" to attain eternal bliss, as Guru ji himself has said that is only through "Naam" that we can achieve salvation lead a virtuous life following some good ethical values become useful to the society and extend a helping hand to the humanity of large and poorer section of society in particular.It is also imperative that you compliment each others efforts in this direction.

In the end I wish to add that next birthday of Guru Ravidas ji falls on 21 feburary 2008.I extend an invitation to all of you to come in India,travel with us by a spritital train to Varanasi and Guru ji blessing by participating in these celebration at Sh Guru Ravidas Janam Asthan Mandir Varanasi.

Once again I thank the member of Sh. Guru Ravidas Organisation for Human Rights for givining the opportunity of sharing with you some thoughts in brief.

May the blessing of Maharaj Ji be always with you.

**Jai Gurudev**

# ਸ਼੍ਰੀ 108 ਸੰਤ ਰਾਮਾ ਨੰਦ ਜੀ ਦੀ ਅੰਗਰੇਜ਼ੀ ਸਪੀਚ ਦਾ ਪੰਜਾਬੀ ਅਨੁਵਾਦ

ਜੈ ਗੁਰਦੇਵ

ਪੂਜਨੀਕ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ , ਮਾਨਯੋਗ ਪਾਰਲੀਮੈਂਟ ਦੇ ਮੈਂਬਰ ਸਾਹਿਬਾਨ, ਸ਼੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਹਿਊਮਨ ਰਾਇਟਸ ਦੇ ਮੈਂਬਰ ਸਾਹਿਬਾਨ , ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਯੂ.ਕੇ ਦੇ ਮੈਂਬਰ ਸਾਹਿਬਾਨ , ਮਹਿਮਾਨ ਗਣ ਬੀਬੀਓ ਤੇ ਸੱਜਣੋ। ਸ਼੍ਰੀ ਗੁਰੂ ਰਵਿਦਾਸ ਜੀ ਮਹਾਰਜ ਦੇ ਆਗਮਨ ਪੂਰਬ ਮਨਾਉਣ ਲਈ ਇਥੇ ਜੁੜੀ ਇਸ ਮਹਾਨ ਇੱਕਤਰਤਾ ਵਿੱਚ ਆਪ ਸਾਹਮਣੇ ਹਾਜ਼ਰ ਹੋਣ ਦੀ ਮੈਨੂੰ ਬੇਅੰਤ ਖੁਸ਼ੀ ਹੋਈ ਹੈ। ਵਿਸ਼ਵ ਭਰ ਵਿੱਚ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਰਧਾਲੂਆਂ ਲਈ ਇਹ ਬੜੇ ਮਾਣ ਦੀ ਗੱਲ ਹੈ ਕਿ ਗੁਰੂ ਜੀ ਦਾ ਪ੍ਰਕਾਸ਼ ਉਤਸਵ ਇੱਕ ਮਹਾਨ ਦੇਸ਼ ਤੇ ਸੰਸਾਰ ਦੇ ਸਭ ਤੋਂ ਪੁਰਾਣੇ ਲੋਕ ਰਾਜ ਦੀ ਪਾਰਲੀਮੈਂਟ ਬਿਲਡਿੰਗ ਵਿੱਚ ਮਨਾਇਆ ਜਾ ਰਿਹਾ ਹੈ। ਸ਼੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਅਰਗੇਨਾਈਜੇਸ਼ਨ ਫ਼ਾਰ ਹਿਊਮਨ ਰਾਈਟਸ ਦੇ ਸਤਿਕਾਰ ਯੋਗ ਮੈਂਬਰ ਸਾਹਿਬਾਨ ਦਾ ਮੈਂ ਅਤਿ ਧੰਨਵਾਦੀ ਹਾਂ ਕਿ ਉਹਨਾਂ ਨੇ ਇਸ ਇਤਿਹਾਸਕ ਮੌਕੇ ਤੇ ਤੁਹਾਡੇ ਦਰਮਿਆਨ ਹਾਜ਼ਰ ਹੋਣ ਲਈ ਸਾਨੂੰ ਮੌਕਾ ਦਿੱਤਾ ਹੈ ਸ਼੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫ਼ਾਰ ਹਿਊਮਨ ਰਾਈਟਸ ਦੇ ਮੰਤਵ ਬਹੁਤ ਪ੍ਰਸ਼ੰਸਾਯੋਗ ਹਨ। ਉਨ੍ਹਾਂ ਵਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਉਪਦੇਸ਼ਾ ਤੋਂ ਪ੍ਰੇਰਣਾ ਲੈਂਦੇ ਹੋਏ ਵਿਸ਼ਵ ਭਰ ਵਿੱਚ ਲੋੜਵੰਦ ਅਤੇ ਦੁਖੀ ਪ੍ਰਾਣੀਆਂ ਦੀ ਸਹਾਇਤਾ ਦੀ ਮਦਦ ਕੀਤੀ ਜਾਂਦੀ ਹੈ।ਵਿਸ਼ੇਸ਼ ਤੌਰ 'ਤੇ ਉਨ੍ਹਾਂ ਲੋਕਾਂ ਦੀ ਜੋ ਭਾਰਤੀ ਸਮਾਜ ਵਿੱਚ ਭੇਦ-ਭਾਵ ਦੇ ਸ਼ਿਕਾਰ ਹੋਏ ਹਨ। ਉਹਨਾਂ ਦੇ ਇਸ ਮਿਸ਼ਨ ਵਿੱਚ ਸਫ਼ਲਤਾ ਪ੍ਰਾਪਤੀ ਲਈ ਮੈਂ ਕਾਮਨਾ ਕਰਦਾ ਹਾਂ। ਅਜਿਹੀਆਂ ਸੰਸਥਾਵਾਂ ਦੇ ਯਤਨਾਂ ਸਦਕਾ ਹੀ ਸੰਸਾਰ ਭਰ ਵਿੱਚ ਸਮਾਜ ਦੇ ਪਿਛੜੇ ਤੇ ਲਿਤਾੜੇ ਪ੍ਰਾਣੀਆਂ ਨੂੰ ਗਰੀਬੀ ਤੋਂ ਕੁਝ ਰਾਹਤ ਦੇਖਣ ਨੂੰ ਮਿਲਦੀ ਹੈ। ਆਸ ਹੈ ਕਿ ਉਹ ਨਾ ਕੇਵਲ ਕੀਤੇ ਜਾ ਰਹੇ ਸ਼ੁੱਭ ਕਾਰਜ ਨੂੰ ਜਾਰੀ ਰੱਖਣਗੇ, ਸਗੋਂ ਇਸ ਦਿਸ਼ਾ ਵਿੱਚ ਆਪਣੀਆ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰਨਗੇ ।

ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਰੂਹਾਨੀ, ਨੈਤਿਕ ਤੇ ਸਮਾਜ ਚਿੰਤਨ ਦਾ ਇੱਕ ਵਿਸ਼ਾਲ ਸਮੁੰਦਰ ਹੈ। ਉਨ੍ਹਾਂ ਦੇ ਉਪਦੇਸ਼ਾਂ ਦੇ ਸਾਰੇ ਪੱਖ ਵਿਸਥਾਰਪੂਰਵਕ ਨਹੀਂ ਦੱਸ ਸਕਦਾ ਪਰ ਇਸ ਇਕੱਤਰਤਾ ਵਿੱਚ ਬਿਰਾਜਮਾਨ ਉਹਨਾਂ ਸਰੋਤਾਗਣ ਲਈ ਜਿਨ੍ਹਾਂ ਨੇ ਗੁਰੂ ਰਵਿਦਾਸ ਜੀ ਬਾਰੇ ਬਹੁਤਾ ਕੁਝ ਨਹੀਂ ਸੁਣਿਆ ,ਉਹਨਾਂ ਨੂੰ ਕੁਝ ਪੱਖਾਂ ਬਾਰੇ ਸੰਖੇਪ ਵਿੱਚ ਦੱਸਣਾ ਚਾਹਾਂਗਾ।

ਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ 1377 ਵਿੱਚ ਭਾਰਤ ਵਰਸ਼ ਦੇ ਸ਼ਹਿਰ ਵਾਰਾਨਸੀ ਵਿਖੇ ਇੱਕ ਐਸੇ ਪਰਿਵਾਰ ਵਿੱਚ ਹੋਇਆ ਜੋ ਹਿੰਦੂ ਜਾਤਪਾਤ ਵਿਵਸਥਾ ਅਨੁਸਾਰ ਸਮਾਜ ਦੇ ਸਭ ਤੋਂ ਹੇਠਲੇ ਦਰਜੇ ਦਾ ਜਾਣਿਆ ਜਾਂਦਾ ਹੈ। ਇਹ ਸਮਾਂ ਭਾਰਤੀ ਇਤਿਹਾਸ ਵਿੱਚ 'ਭਗਤੀ ਅੰਦੋਲਨ' ਨਾਲ ਯਾਦ ਕੀਤਾ ਜਾਂਦਾ ਹੈ। ਇਸ ਅੰਦੋਲਨ ਵਿੱਚ ਬਹੁਤ ਸਾਰੇ ਮਹਾਂਪੁਰਸ਼ਾਂ ਨੇ ਆਪਣੇ ਪਾਵਨ ਉਪਦੇਸ਼ਾਂ ਰਾਹੀਂ ਹਿੰਦੂ ਸਮਾਜ ਵਿੱਚ ਸੁਧਾਰ ਕਰਨ ਦਾ ਯਤਨ ਕੀਤਾ।

ਗੁਰੂ ਰਵਿਦਾਸ ਮਹਾਰਾਜ ਜੀ ਨੂੰ ਇਸ ਅੰਦੋਲਨ ਦਾ ਸ਼੍ਰੋਮਣੀ ਸੰਤ ਮੰਨਿਆ ਜਾਂਦਾ ਹੈ, ਭਾਵ ਉਹ ਇਸ ਅੰਦੋਲਨ ਦੇ ਮਹਾਨ ਸੰਤਾਂ ਵਿੱਚੋਂ ਇੱਕ ਸਨ। ਉਹਨਾਂ ਦਾ ਰੂਹਾਨੀ ਰੁਤਬਾ ਇੰਨਾ ਉਚਾ ਤੇ ਸੁੱਚਾ ਸੀ ਕਿ ਉਸ ਸਮੇਂ ਦੇ ਰਾਜੇ ਰਾਣੀਆਂ ਵੀ ਉਹਨਾਂ ਦੇ ਸੇਵਕ ਬਣੇ। ਉਹਨਾਂ ਦਾ ਵਿਸ਼ਵਾਸ਼ ਸੀ ਕਿ ਕੇਵਲ ਨਾਮ ਜੱਪਣ ਨਾਲ ਹੀ ਪ੍ਰਭੂ ਭਗਤੀ ਕੀਤੀ ਜਾ ਸਕਦੀ ਹੈ। ਉਨ੍ਹਾਂ ਦੇ ਉਦੇਸ਼ਾਂ ਦਾ ਬਹੁਤਾ ਭਾਗ ਸਾਡੇ ਜੀਵਨ ਵਿੱਚ 'ਨਾਮ' ਦੀ ਸਾਰਥਕਤਾ ਦਰਸਾਉਣ ਲਈ ਹੀ ਸਮਰਪਿਤ ਹੈ।ਉਹ ਸਧਾਰਨ ਤੋਂ ਸਧਾਰਨ ਵਿਧੀ ਤੋਂ ਆਰੰਭ ਕਰਦੇ ਹਨ :-

**ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥**

**ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥**

ਭਾਵ ਹਰਿ ਹਰਿ ਹਰਿ ਹਰਿ ਹਰਿ ਦੇ ਜਾਪ ਜੱਪਣ ਨਾਲ ਪ੍ਰਭੂ ਦੀ ਸਾਧਨਾ ਕਰਦੇ ਹੋਏ ਸੰਤ ਮਹਾਂਪੁਰਸ਼ ਅਤੇ ਪਾਪੀ ਦੋਵੇਂ ਮੁਕਤੀ ਨੂੰ ਪ੍ਰਾਪਤ ਹੋ ਜਾਂਦੇ ਹਨ।

'ਨਾਮ' ਦੇ ਮੁਕਾਬਲੇ ਗੁਰੂ ਜੀ ਸਾਰੇ ਧਾਰਮਿਕ ਗ੍ਰੰਥਾਂ ਦੀ ਨਿਰਬਰਥਕਤਾ ਬਾਰੇ ਉਚਾਰਦੇ ਹਨ:-

**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ॥**

**ਬਿਆਸ ਬਿਚਾਰਿ ਕਹਿਓ ਪਰਮਾਰਥ ਰਾਮ ਨਾਮ ਸਾਰਿ ਨਾਹੀ॥**

ਇਸ ਤੋਂ ਭਾਵ ਕਈ ਤਰਾਂ ਦੇ ਧਾਰਮਿਕ ਗ੍ਰੰਥ ਸ਼ਾਸ਼ਤਰ ਪੁਰਾਣਾਂ ਅਤੇ ਬ੍ਰਹਮਾ ਦੇ ਵੇਦ-ਲਿਪੀ ਦੇ 34 ਅੱਖਰਾਂ ਤੋਂ ਰਚੇ ਹਨ। ਬਹੁਤ ਧਿਆਨ ਪੂਰਵਕ ਸੋਚ ਵਿਚਾਰ ਕਰਨ ਉਪਰੰਤ ਵਿਆਸ ਜੀ ਨੇ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਦੇ ਪਾਵਨ ਨਾਮ ਦੇ ਤੁਲ ਕੁਝ ਵੀ ਨਹੀਂ ਹੈ। ਗੁਰੁ ਜੀ ਦੀ ਪ੍ਰਸਿੱਧ ਰਚਨਾ ਆਰਤੀ ਹੈ:-

**ਨਾਮ ਤੇਰੋ ਆਰਤੀ ਮਜਨੁ ਮੁਰਾਰੇ॥**

**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥**

ਇਸ ਆਰਤੀ ਵਿੱਚ ਉਹਨਾਂ ਉਚਾਰਿਆ ਹੈ ਕਿ ਪ੍ਰਭੂ ਜੀ ! ਆਪ ਜੀ ਦਾ ਪਾਵਨ ਨਾਮ ਹੀ ਪੂਜਾ ਹੈ ਤੇ ਤੀਰਥ ਇਸਨਾਨ ਹੈ। ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਸਭ ਰਸਮਾਂ ਤੇ ਕਰਮਕਾਂਡ ਵਿਅਰਥ ਹਨ।ਪ੍ਰਭੂ ਦੀ ਪੂਜਾ ਲਈ ਸਭ ਸਮੱਗਰੀ ਵਿੱਚ ਉਹ ਪ੍ਰਮਾਤਮਾ ਦਾ ਨਾਮ ਦੇਖਦੇ ਹਨ।

ਦੂਜਾ ਨੁਕਤਾ ਜੋ ਮੈਂ ਸ਼ਪੱਸ਼ਟ ਕਰਨਾ ਚਹੁੰਦਾ ਹਾਂ ਉਹ ਇਹ ਕਿ ਉਹਨਾਂ ਨੇ ਉਸ ਸਮੇਂ

ਪ੍ਰਚਲਿਤ ਜਾਤ ਪਾਤ ਦੇ ਉਸ ਸਿਸਟਮ ਦਾ ਖੰਡਨ ਕੀਤਾ ਜਿਸਨੂੰ ਹਿੰਦੂ ਧਰਮ ਦੇ ਕੁਝ ਗ੍ਰੰਥਾਂ ਵਲੋਂ ਪ੍ਰਮਾਣਤਾ ਮਿਲੀ ਹੋਈ ਹੈ। ਮਹਾਰਾਜ ਜੀ ਨੇ ਆਪਣੀ ਬਾਣੀ ਵਿੱਚ ਫਰਮਾਇਆ ਕਿ:-

**ਜਿਹ ਕੁਲ ਸਾਧ ਬੈਸਨੋ ਹੋਇ॥**

**ਬਰਨ ਅਬਰਨ ਰੰਕੁ ਨਹੀ ਈਸੁਰੁ**

**ਬਿਮਲ ਬਾਸੁ ਜਾਨੀਐ ਜਗਿ ਸੋਇ॥1॥ਰਹਾਉ॥**

**ਬ੍ਰਾਹਮਨ ਬੈਸ ਸੂਦ ਅਰੁ ਖਤ੍ਰੀ**

**ਡੋਮ ਚੰਡਾਲ ਮਲੇਛ ਮਨ ਸੋਇ**

**ਹੋਇ ਪੁਨੀਤ ਭਗਵੰਤ ਭਜਨ ਤੇ**

**ਆਪੁ ਤਾਰਿ ਤਾਰੇ ਕੁਲ ਦੋਇ॥1॥**

ਜਿਸ ਪਰਿਵਾਰ ਵਿੱਚ ਮਹਾਂਪੁਰਸ਼ ਦਾ ਜਨਮ ਹੁੰਦਾ ਹੈ ਉਸ ਲਈ ਪਰਿਵਾਰ ਦਾ ਉਚੀ ਜਾਂ ਨੀਵੀ ਹੋਣਾ ,ਧਨੀ ਜਾਂ ਗਰੀਬ ਹੋਣਾ ਨਿਰਾਰਥਕ ਹੈ। ਉਸ ਦੀ ਰੂਹਾਨੀ ਖੁਸ਼ਬੂ ਸਾਰੇ ਜਗ ਵਿੱਚ ਫੈਲਦੀ ਹੈ। ਭਾਵੇਂ ਉਹ ਬ੍ਰਾਹਮਣ ਹੋਵੇ, ਵੈਸ਼ ਹੋਵੇ,ਸ਼ੂਦਰ ਹੋਵੇ,ਕਸ਼ੱਤਰੀ ਹੋਵੇ ਉਹ ਕਵੀ ਹੋਵੇ ਜਾਂ ਮਲੀਨ ਤਨ ਮਨ ਵਾਲਾ ਵਿਅਕਤੀ ਹੋਵੇ, ਉਹ ਪ੍ਰਮਾਤਮਾ ਦਾ ਨਾਮ ਜਪਣ ਨਾਲ ਪੁਨੀਤ (ਪਵਿੱਤਰ)ਹੋ ਜਾਂਦਾ ਹੈ। ਉਹ ਆਪ ਤਾਂ ਤਰ ਹੀ ਜਾਂਦਾ ਹੈ ਸਗੋਂ ਆਪਣੇ ਮਾਪਿਆਂ ਦੇ ਮਾਤਾ ਪਿਤਾ ਨੂੰ ਵੀ ਤਾਰ ਦਿੰਦਾ ਹੈ।ਜਦੋਂ ਗੁਰੂ ਜੀ ਉਚਾਰਦੇ ਹਨ:-

**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥**

ਉਹਨਾਂ ਦੇ ਕਹਿਣ ਦਾ ਭਾਵ ਹੈ ਕਿ ਪਰਮਾਤਮਾ ਸਾਡਾ ਰਾਜਾ ,ਕਿਸੇ ਇੱਕ ਦਾ ਬਾਪ ਨਹੀਂ ਹੈ ਭਾਵ ਕਿ ਉਹ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੈ ਸਿਵਾਏ ਉਹਨਾਂ ਦੇ ਜੋ ਉਸਦੀ ਸਾਧਨਾ ਕਰਦੇ ਹਨ ਅਤੇ ਫਿਰ ਉਚਾਰਦੇ ਹਨ:-

**ਕਹਿ ਰਵਿਦਾਸ ਜੋ ਜੱਪੈ ਨਾਮੁ॥**

**ਤਿਸੁ ਜਾਤਿ ਨ ਜਨਮ ਨ ਜੋਨਿ ਕਾਮੁ॥**

ਭਾਵ ਜੋ ਪ੍ਰਮਾਤਮਾ ਦਾ ਨਾਮ ਜੱਪਦੇ ਹਨ ਉਹਨਾ ਦਾ ਜਾਤ,ਜਨਮ ਜਾਂ ਜੂਨ ਨਾਲ ਕੋਈ ਵੀ ਵਾਸਤਾ ਨਹੀਂ ਰਹਿੰਦਾ।

ਗੁਰੂ ਰਵਿਦਾਸ ਮਹਾਰਾਜ ਜੀ ਨੇ ਜੀਵਨ ਦੀਆਂ ਨੈਤਿਕ ਕਦਰਾਂ ਕੀਮਤਾਂ ਬਾਰੇ ਵੀ ਆਣੇ ਵਿਚਾਰਾਂ ਨੂੰ ਬਹੁਤ ਸ਼ਪੱਸ਼ਟ ਸ਼ਬਦਾਂ ਵਿੱਚ ਪੇਸ਼ ਕੀਤਾ ਤੇ ਉਹ ਹਉਮੈਂ ਦੀ ਖੁਲ੍ਹ ਕੇ ਨਿੰਦਾ ਕਰਦੇ ਹਨ ਤੇ ਉਨ੍ਹਾਂ ਦਾ ਵਿਚਾਰ ਹੈ ਕਿ ਹਉਮੈਂ ਵਾਲਾ ਪ੍ਰਾਣੀ ਪ੍ਰਭੂ ਭਗਤੀ ਨਹੀਂ ਕਰ ਸਕਦਾ ਉਹ ਕਹਿੰਦੇ ਹਨ:-

**ਜਬ ਹਮ ਹੋਤੇ ਤਬ ਤੂੰ ਨਾਂਹਿ ਅਬ ਤੂਹਿ ਮੈ ਨਾਹਿ॥**

ਜਦ ਤੱਕ ਮੇਰੇ ਵਿੱਚ ਹਉਮੇ ਰਹੀ ,ਹੰਕਾਰ ਰਿਹਾ ,ਪ੍ਰਮਾਤਮਾ ਜੀ ਤੁਹਾਡੀ ਅਨੁਭੂਤੀ ਨਹੀਂ ਸੀ । ਹੁਣ ਕਿਉਂਕਿ ਪ੍ਰਭੂ ਜੀ ਤੁਹਾਡੀ ਆਸ਼ੀਰਵਾਦ ਤੇ ਅਨੁਭੂਤੀ ਮੇਰੇ ਨਾਲ ਹੈ ਤਾਂ

ਹਉਮੇ ਨਹੀਂ ਰਹੀ।ਗੁਰੂ ਜੀ ਪ੍ਰਾਣੀ ਵਿੱਚ ਪੰਜ ਵਿਕਾਰਾਂ ਤੇ ਛੁਪੀ ਹੋਈ ਹਉਮੇ ਦੀ ਨਿੰਦਾ ਕਰਦੇ ਹਨ ਜਦੋਂ ਉਹ ਉਚਾਰਦੇ ਹਨ:-

**ਦੇਵ ਸੰਸੇ ਗਾਂਠਿ ਨ ਛੂਟੇ॥**

**ਕਾਮ ਕ੍ਰੋਧ ਮਾਇਆ ਮਦ ਮਤਸਰ**

**ਇਨ ਪੰਚਹੁ ਮਿਲਿ ਲੂਟੇ॥1॥ਰਹਾਉ॥**

**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ**

**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥2॥**

ਇਸ ਦਾ ਭਾਵ ਹੈ ਕਿ 'ਹੇ ਪ੍ਰਭੂ ਜੀ ! ਸ਼ੰਕਾ ਦੀ ਗੰਢ ਨਹੀਂ ਖੁੱਲਦੀ । ਕਾਮ, ਕ੍ਰੋਧ, ਮਾਇਆ, ਹੰਕਾਰ ਤੇ ਈਰਖਾ ਇਹਨਾਂ ਪੰਜਾਂ ਵਿਕਾਰਾਂ ਨੇ ਦੁਨੀਆ ਨੂੰ ਲੁੱਟ ਲਿਆ ਹੈ। ਮੈਂ ਮਹਾਨ ਕਵੀ ਹਾਂ ਅਤੇ ਉੱਚੇ ਪਰਿਵਾਰ 'ਚੋ ਹਾਂ, ਮੈਂ ਧਾਰਮਿਕ ਵਿਦਵਾਨ ਹਾਂ, ਮੈਂ ਯੋਗੀ ਹਾਂ ਤੇ ਮੈਂ ਸੰਨਿਆਸੀ ਹਾਂ। ਮੈਂ ਉਤਮ ਗੁਣਾਂ ਦਾ ਭੰਡਾਰ ਹਾਂ, ਮੈਂ ਇੱਕ ਸੂਰਵੀਰ ਹਾਂ ਤੇ ਮਹਾਨ ਦਾਨੀ ਹਾਂ- ਮਨੁੱਖੀ ਜੀਵਾਂ ਵਿੱਚ ਇਸ ਤਰ੍ਹਾਂ ਦੀ ਸੋਚ ਕਦੇ ਨਸ਼ਟ ਨਹੀਂ ਹੁੰਦੀ।

ਇਸ ਤੋਂ ਵੱਧ ਸਪੱਸ਼ਟ ਅਤੇ ਜੀਵਨ ਦਰਸ਼ਨ ਦੀ ਹੋਰ ਉੱਚੀ ਮਿਸਾਲ ਦਾ ਮਿਲਣਾ ਮੁਸ਼ਕਿਲ ਹੈ। ਭਾਰਤੀ ਲੋਕ ਸੰਸਾਰ ਭਰ ਵਿੱਚ ਫ਼ੈਲੇ ਹੋਏ ਹਨ, ਉਹਨਾਂ ਵਿੱਚੋਂ ਕਾਫ਼ੀ ਵੱਡੀ ਗਿਣਤੀ ਵਿੱਚ ਯੂ.ਕੇ ਵਿੱਚ ਵਸੇ ਹੋਏ ਹਨ। ਜਿਥੇ ਉਹ ਇਸ ਦੇਸ਼ ਦੀ ਆਰਥਿਕਤਾ ਵਿੱਚ ਚੋਖਾ ਯੋਗਦਾਨ ਪਾ ਰਹੇ ਹਨ। ਉਹਨਾਂ ਭਾਰਤ ਵਿੱਚ ਡੇਰਾ ਸੰਤ ਸਰਵਣ ਦਾਸ ਜੀ ਦੀਆਂ ਅਜਿਹੀਆਂ ਯੋਜਨਾਵਾਂ ਰਾਹੀਂ ਖੁਲ੍ਹੇ ਦਿਲ ਨਾਲ ਸਹਿਯੋਗ ਦਿੱਤਾ ਹੈ। ਇਹ ਸਹਿਯੋਗ ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਯੂ.ਕੇ ਰਾਹੀਂ ਪ੍ਰਾਪਤ ਹੁੰਦਾ ਹੈ। ਜੋ ਕਿ ਇੰਗਲੈਂਡ ਤੇ ਵੇਲਜ਼ ਦੇ ਚੈਰਿਟੀਜ ਕਮਿਸ਼ਨ ਨਾਲ ਹਾਜ਼ਰ ਹੈ। ਕੁਝ ਸਿੱਧਾ ਸਹਿਯੋਗ ਵੀ ਮਿਲਦਾ ਹੈ।। ਸੰਤ ਸਰਵਣ ਦਾਸ ਜੀ ਚੈਰੀਟੇਬਲ ਹਸਪਤਾਲ ਟਰੱਸਟ ਦਾ 200 ਬੈੱਡਾਂ ਦਾ ਜੋ ਹਸਪਤਾਲ , ਅੰਗਰਜ਼ੀ ਮੀਡੀਅਮ ਸੀ.ਬੀ.ਐਸ.ਈ. ਪ੍ਰਮਾਣਿਤ ਸਕੂਲ ਅਤੇ ਨਿਰੋਲ ਅੱਖਾਂ ਦਾ ਹਸਪਤਾਲ ਗਰੀਬ ਲੋਕਾਂ ਦੇ ਲਾਭ ਲਈ ਚਲ ਰਹੇ ਹਨ। ਇਸੇ ਤਰ੍ਹਾਂ ਸੰਤ ਨਿਰੰਜਨ ਦਾਸ ਜੀ ਦੀ ਪ੍ਰਧਾਨਗੀ ਹੇਠ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਸੀਰ ਗਵਰਧਨਪੁਰ ਵਾਰਾਨਸੀ ਦਾ ਪ੍ਰਬੰਧ ਚਲਾ ਰਿਹਾ ਹੈ। ਇਹ ਮੰਦਿਰ ਸੰਤ ਸਰਵਣ ਦਾਸ ਜੀ ਜੋ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ਾਂ ਨੂੰ ਦੂਰ-ਦੂਰ ਤੱਕ ਫੈਲਾਉਣ ਦੇ ਚਾਹਵਾਨ ਸਨ,ਦੀਆਂ ਕੋਸ਼ਿਸ਼ਾਂ ਸਦਕਾ ਉਸਾਰਿਆ ਗਿਆ। ਵਾਰਾਨਸੀ ਵਿਖੇ ਇਹ ਮੰਦਿਰ ਗੁਰੂ ਜੀ ਦੇ ਸ਼ਰਧਾਲੂਆਂ ਲਈ ਤੀਰਥ ਅਸਥਾਨ ਬਣ ਗਿਆ ਹੈ।ਗੁਰੂ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਦੁਨੀਆਂ ਭਰ 'ਚੋ ਸ਼ਰਧਾਲੂ ਵੱਡੀ ਗਿਣਤੀ ਵਿੱਚ ਇਕੱਤਰ ਹੁੰਦੇ ਹਨ ਅਤੇ ਇਸ ਗੱਲ ਦਾ ਮਾਣ ਮਹਿਸੂਸ ਕਰਦੇ ਹਨ ਕਿ ਆਖ਼ਿਰਕਾਰ ਬਨਾਰਸ ਸ਼ਹਿਰ, ਜੋ ਹਿੰਦੂ ਧਰਮ ਦੀ ਰਾਜਧਾਨੀ ਮੰਨਿਆ ਜਾਂਦਾ ਹੈ ਵਿੱਚ ਗੁਰੂ ਜੀ ਦੀ ਯਾਦਗਾਰ ਬਣੀ । ਹਿੰਦੂ ਧਰਮ ਵਲੋਂ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਉਦੋਂ ਤੱਕ ਮਾਨਤਾ ਨਹੀਂ ਦਿੱਤੀ ਗਈ ਜਦੋਂ ਤੱਕ ਉਹਨਾਂ ਨੇ ਆਪਣੀਆਂ ਰੂਹਾਨੀ ਸ਼ਕਤੀਆਂ ਸਾਬਤ ਨਹੀਂ ਕਰ ਦਿੱਤੀਆਂ । ਵਾਰਾਨਸੀ ਵਿਖੇ ਇਹ ਮੰਦਿਰ ਸਾਰੇ ਵਿਸ਼ਵ 'ਚ ਸ਼ਰਧਾਲੂਆਂ ਲਈ ਪ੍ਰੇਰਨਾ ਦਾ ਸ੍ਰੋਤ ਬਣ ਗਿਆ ਹੈ।

ਪਿਛਲੇ ਕੁਝ ਸਾਲਾਂ ਵਿੱਚ ਦੁਨੀਆਂ ਦੇ ਸਾਰੇ ਸ਼ਹਿਰਾਂ ਵਿੱਚ ਗੁਰੂ ਰਵਿਦਾਸ ਮੰਦਰ ਬਣ ਚੁੱਕੇ ਹਨ,ਜਿਥੇ ਗੁਰੂ ਜੀ ਦੇ ਸ਼ਰਧਾਲੂ ਭਾਵੇ ਥੋੜ੍ਹੀ ਗਿਣਤੀ ਵਿੱਚ ਹੀ ਕਿਉਂ ਨਾ ਹੋਣ। ਹੁਣ ਦੁਨੀਆਂ ਭਰ ਵਿੱਚ ਗੁਰੂ ਜੀ ਦੇ ਸ਼ਰਧਾਲੂਆਂ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਦੀ ਜ਼ੋਰਦਾਰ ਚਾਹਤ ਹੈ। ਪਰ ਕਿਸੇ ਵੀ ਵਰਗ ਲਈ ਆਪਣੀ ਵੱਖਰੀ ਪਹਿਚਾਣ ਬਣਾਉਂਣ ਲਈ ਕੁਝ ਮੁੱਢਲੀਆਂ ਸ਼ਰਤਾਂ ਹਨ ਜਿਵੇ:-

- **ਸਾਂਝਾ ਨਾਮ**
- **ਸਾਂਝਾ ਗੁਰੂ**
- **ਸਾਂਝਾ ਤੀਰਥ ਅਸਥਾਨ**
- **ਸਾਂਝਾ ਧਾਰਮਿਕ ਗ੍ਰੰਥ**
- **ਸਾਂਝਾ ਧਾਰਮਿਕ ਨਿਸ਼ਾਨ**
- **ਸਾਂਝਾ ਸੰਬੋਧਨ**

ਇਹਨਾਂ ਨੁਕਤਿਆਂ ਤੇ ਬੁੱਧੀਜੀਵੀ , ਚਿੰਤਕਾਂ ਤੇ ਵੱਖ ਵੱਖ ਧਾਰਮਿਕ ਸੰਸਥਾਵਾਂ ਨੂੰ ਚਿੰਤਨ ਕਰਨਾ ਚਾਹੀਦਾ ਹੈ ਤੇ ਸੋਚ ਵਿਚਾਰ ਕੇ ਠੋਸ ਫ਼ੈਸਲਾ ਕਰਨਾ ਚਾਹੀਦਾ ਹੈ।ਜਿੰਨੀ ਜਲਦੀ ਇਹ ਫ਼ੈਸਲਾ ਕੀਤਾ ਜਾਵੇ ਸਮਾਜ ਲਈ ਉਨਾਂ ਹੀ ਚੰਗਾ ਹੋਵੇਗਾ।

ਆਪਣੇ ਵਿਚਾਰ ਸਮਾਪਤ ਕਰਨ ਤੋਂ ਪਹਿਲਾਂ ਮੈਂ ਆਪ ਸਭ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਜੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਨਾਓ। ਸਦੀਵੀ ਪਰਮ ਆਨੰਦ ਦੀ ਪ੍ਰਾਪਤੀ ਲਈ 'ਨਾਮ'ਦਾ ਰਸਤਾ ਅਖ਼ਤਿਆਰ ਕਰੋ।ਗੁਰੂ ਜੀ ਨੇ ਆਪ ਕਿਹਾ ਹੈ ਕਿ ਅਸੀਂ 'ਨਾਮ' ਰਾਹੀਂ ਹੀ ਮੁਕਤੀ ਪ੍ਰਾਪਤ ਕਰ ਸਕਦੇ ਹਾਂ। ਨੈਤਿਕ ਕਦਰਾਂ ਕੀਮਤਾਂ ਅਪਨਾਉਂਦੇ ਹੋਏ ਲੋਕ ਜੀਵਨ ਜੀਓ, ਸਮਾਜ ਲਈ ਲਾਭਦਾਇਕ ਬਣੋ ਅਤੇ ਮਾਨਵਤਾ ਲਈ ਆਮ ਤੌਰ ਤੇ ਸਮਾਜ ਦੇ ਗਰੀਬ ਵਰਗਾਂ ਲਈ ਖਾਸ ਤੌਰ ਤੇ ਮਦਦਗਾਰ ਬਣੋ।ਇਹ ਵੀ ਜਰੂਰੀ ਹੈ ਕਿ ਇਸ ਦਿਸ਼ਾ ਵਿੱਚ ਇੱਕ ਦੂਜੇ ਦੀਆ ਕੋਸ਼ਿਸ਼ਾਂ ਵਿੱਚ ਪੂਰਕ ਬਣੋ।

ਅੰਤ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਰਵਿਦਾਸ ਮਹਾਰਾਜ ਜੀ ਦਾ ਅਗਲਾ ਪ੍ਰਕਾਸ਼ ਦਿਵਸ ਮਿਤੀ 21 ਫਰਵਰੀ 2008 ਨੂੰ ਮਨਾਇਆ ਜਾਵੇਗਾ। ਜਿਸ ਵਿੱਚ ਮੈਂ ਤੁਹਾਨੂੰ ਸਭ ਨੂੰ ਭਾਰਤ ਵਿੱਚ ਆਉਣ, ਸਪੈਸ਼ਲ ਟ੍ਰੇਨ ਰਾਹੀਂ ਵਾਰਾਨਸੀ ਵਿਖੇ ਸਾਡੇ ਨਾਲ ਪਧਾਰਨ ਲਈ ਅਤੇ ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਵਾਰਾਨਸੀ ਵਿਖੇ ਗੁਰੂ ਜੀ ਦੇ ਪਾਵਨ ਆਗਮਨ ਪੁਰਬ ਦੇ ਸਮਾਗਮ ਵਿੱਚ ਸ਼ਾਮਿਲ ਹੋ ਕੇ ਗੁਰੂ ਜੀ ਦੀਆਂ ਖੁਸ਼ੀਆ ਪ੍ਰਾਪਤ ਕਰਨ ਲਈ ਹਾਰਦਿਕ ਸੱਦਾ ਦਿੰਦਾ ਹੈ।

ਆਪ ਸਭ ਨਾਲ ਕੁਝ ਵਿਚਾਰ ਸਾਂਝੇ ਕਰਨ ਦਾ ਮੌਕਾ ਪ੍ਰਦਾਨ ਕਰਨ ਦੇ ਲਈ ਮੈਂ ਸ਼੍ਰੀ ਗੁਰੂ ਰਵਿਦਾਸ ਆਰਗੇਨਾਇਜ਼ੇਸ਼ਨ ਫ਼ਾਰ ਹਿਊਮਨ ਰਾਈਟਜ਼ ਦੇ ਮੈਂਬਰ ਸਾਹਿਬਾਨ ਦਾ ਫਿਰ ਧੰਨਵਾਦ ਕਰਦਾ ਹਾਂ।

ਮਹਾਰਾਜ ਜੀ ਦਾ ਆਸ਼ੀਰਵਾਦ ਹਮੇਸ਼ਾਂ ਆਪ ਜੀ ਨਾਲ ਰਹਿਣ।

ਜੈ ਗੁਰਦੇਵ

# ਸੰਤ ਰਾਮਾ ਨੰਦ ਜੀ
# ਉੱਚ ਕੋਟੀ ਦੇ ਸਾਹਿਤਕਾਰ ਸਨ

ਆਪ ਇੱਕ ਚੰਗੇ ਲਿਖਾਰੀ ਅਤੇ ਕਵੀ ਵੀ ਸਨ ਆਪ ਜੀ ਦਾ ਪੰਜਾਬੀ ਸਾਹਿਤ ਨਾਲ ਬਹੁਤ ਪਿਆਰ ਸੀ। ਆਪ ਜੀ ਦੀਆਂ ਲਿਖੀਆਂ ਰਚਨਾਵਾਂ ਅਕਸਰ ਡੇਰੇ ਵਿਚੋਂ ਛਪਣ ਵਾਲੇ ਸਾਹਿਤ ਮੈਗਜ਼ੀਨ, ਬੇਗਮਪੁਰਾ ਸ਼ਹਿਰ ਪੱਤ੍ਰਿਕਾ ਵਿੱਚ ਪੜ੍ਹਨ ਨੂੰ ਮਿਲਦੀਆਂ ਹਨ।ਆਪ ਜੀ ਨੇ ਅਨੇਕਾਂ ਹੀ ਕਵਿਤਾਵਾਂ ਡੇਰੇ ਅਤੇ ਡੇਰੇ ਦੇ ਮਹਾਂਪੁਰਸ਼ਾਂ ਦੀ ਸਿਫ਼ਤ ਸਲਾਹ ਵਿੱਚ ਲਿਖੀਆਂ ਹਨ ਜੋ ਕਈ ਬੁਲਾਰਿਆਂ ਨੇ ਸਟੇਜਾਂ ਤੇ ਬੋਲੀਆਂ ਤੇ ਕਈ ਗਾਇਕਾਂ ਨੇ ਗਾਈਆਂ ਹਨ। ਆਪ ਜੀ ਜੋ ਵੀ ਸਾਹਿਤ ਜਾਂ ਕਿਤਾਬ ਲਿਖਦੇ ਉਸਨੂੰ ਆਪਣੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨਾਲ ਜ਼ਰੂਰ ਵਿਚਾਰ ਵਟਾਂਦਰਾ ਕਰਦੇ। ਸੰਤ ਰਾਮਾ ਨੰਦ ਜੀ ਅਤੇ ਬਾਵਾ ਜੀ ਦੇ ਸਹਿਯੋਗ ਨਾਲ ਡੇਰੇ ਅੰਦਰ ਇੱਕ ਬਹੁਤ ਵੱਡੀ ਲਾਇਬ੍ਰੇਰੀ ਦੀ ਸਥਾਪਨਾ ਵੀ ਕੀਤੀ ਗਈ।ਜਿਸ ਤੋਂ ਸਮਾਜ ਦੇ ਬੁੱਧੀਜੀਵੀ ,ਕਵੀ ,ਲਿਖਾਰੀ ਭਰਪੂਰ ਲਾਹਾ ਲੈਂਦੇ ਹਨ। ਇਸ ਲਾਇਬ੍ਰੇਰੀ ਤੋਂ ਦਲਿਤ ਸਾਹਿਤ ਅਤੇ ਸਮਾਜ ਨਾਲ ਸੰਬੰਧਤ ਬਹੁਤ ਜਾਣਕਾਰੀ ਹਾਸਿਲ ਹੁੰਦੀ ਹੈ ਜੋ ਕੌਮ ਦੇ ਪੁੰਗਰ ਰਹੇ ਲਿਖਾਰੀਆਂ ਲਈ ਲਾਹੇਵੰਦ ਹੈ। ਆਪ ਜੀ ਨੇ ਇੱਕ ਕਵਿਤਾ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਕਠਾਰ ਤੇ ਲਿਖੀ ਜੋ ਬਹੁਤ ਮਕਬੂਲ ਹੋਈ ਆਪ ਜੀ ਦੁਆਰਾ ਰਿਕਾਰਡ ਕਰਵਾਈਆਂ ਗਈਆਂ ਸਤਿਸੰਗ ਅਤੇ ਕੀਰਤਨ ਦੀਆਂ ਅਨੇਕਾਂ ਸੀ.ਡੀ.,ਵੀ.ਸੀ.ਡੀ,ਆਡੀਓ ਅਤੇ ਵੀਡੀਓ ਕੈਸਟਾਂ ਆਮ ਸੰਗਤਾਂ ਦੇ ਘਰ ਉਪਲੱਬਧ ਹਨ।ਜਗਤਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੇ ਘਰਾਂ ਵਿੱਚ , ਧਾਰਮਿਕ ਅਸਥਾਨਾਂ ਵਿੱਚ ਕਾਰਾਂ ,ਗੱਡੀਆਂ ਵਿੱਚ ਆਪ ਜੀ ਦੇ ਧਾਰਮਿਕ ਗੀਤ ਚਲਦੇ ਹਨ ਜੋ ਸੰਗਤਾਂ ਸਵੇਰ ਸ਼ਾਮ ਬਹੁਤ ਸ਼ਰਧਾ ਨਾਲ ਸੁਣਦੀਆਂ ਹਨ।ਆਪ ਜੀ ਨੇ ਕਈ ਸਾਲ ਡੀ.ਡੀ.ਪੰਜਾਬੀ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੀ ਵਿਆਖਿਆ ਕੀਤੀ ਅਤੇ ਕੀਰਤਨ ਦਾ ਪ੍ਰਚਾਰ ਕੀਤਾ।ਆਪ ਜੀ ਦੀ ਮਹਿਮਾਂ ,ਉਪਮਾਂ ਵਿਸ਼ਵ ਵਿਆਪੀ ਹੈ। ਆਪ ਛੋਟੇ-ਛੋਟੇ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ ਉਨ੍ਹਾਂ ਤੋਂ ਸਕੂਲ ਦਾ ਨਾਮ ,ਕਲਾਸ ਬਾਰੇ ਪੁੱਛਣ ਤੋਂ ਬਾਅਦ ਉਹਨਾਂ ਦੀਆਂ ਤੋਤਲੀਆਂ ਗੱਲਾਂ ਬੜੇ ਪਿਆਰ ਨਾਲ ਸੁਣਨੀਆਂ ਏਸੇ ਤਰ੍ਹਾਂ ਆਪ ਜੀ ਬਜ਼ੁਰਗਾਂ ਨੂੰ ਵੀ ਬਹੁਤ ਪਿਆਰ ਕਰਦੇ ਸਨ।

**'ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਕਠਾਰ'**

ਸੰਤ ਰਾਮਾ ਨੰਦ ਜੀ ਦੀ ਕਲਮ ਤੋਂ :-

ਸਰਵਣ ਦਾਸ ਸੁਆਮੀ ਦੀ ਯਾਦ ਅੰਦਰ,
ਅੱਜ ਦੇਖਿਆ ਹਸਪਤਾਲ ਸੋਹਣਾ ।
ਦੁਨੀਆਂ ਭਰ ਦੇ ਨੇਕ ਮਹਾਨ ਪੁਰਖਾਂ,
ਨੇਕ ਕੰਮਾਂ ਨੂੰ ਵੱਡਾ ਸਤਿਕਾਰ ਦਿੱਤਾ।

ਕਈਆਂ ਕੀਤੀ ਕਮਾਈ ਨਾਮ ਵਾਲੀ,
ਪ੍ਰਭੂ ਨਾਮ ਜੀਵਨ ਗੁਜ਼ਾਰ ਦਿੱਤਾ।
ਕਈਆਂ ਜੀਵਾਂ ਨੇ ਕੀਤਾ ਹੈ ਦਾਨ ਬਹੁਤਾ,
ਸਾਰਾ ਜੀਵਨ ਹੀ ਆਪਣਾ ਵਾਰ ਦਿੱਤਾ।
ਕਈ ਆਪਣੇ ਜੀਵਨ ਦੀ ਲਗਾ ਬਾਜੀ।
ਸ਼ਰਨ ਆਇਆਂ ਦਾ ਜੀਵਨ ਸ਼ਿੰਗਾਰ ਦਿੱਤਾ
ਇਨ੍ਹਾਂ ਵੱਡੀਆਂ ਤਿੰਨਾਂ ਵਿਚਾਰਾਂ ਉੱਤੇ,
ਕੀਤਾ ਸਤਿਗੁਰੂ ਅਮਲ ਕਮਾਲ ਸੋਹਣਾ।
ਸਰਵਣ ਦਾਸ ਸੁਆਮੀ ਦੀ ਯਾਦ ਅੰਦਰ,
ਅੱਜ ਦੇਖਿਆ ਹਸਪਤਾਲ ਸੋਹਣਾ ।

ਇਸ ਹਸਪਤਾਲ ਦੇ ਅੱਗੇ ਖੜ੍ਹਾ ਹੋ ਕੇ,
ਜਦੋਂ ਨਿਗ੍ਹਾ ਉਠਾ ਕੇ ਦੇਖਿਆ ਮੈਂ।
ਬੋਰਡ ਉੱਤੇ ਗੁਰੂ ਸਾਹਿਬ ਦਾ ਨਾਂ ਪੜ੍ਹਿਆ,
ਨਾਲ ਸਰੂਪ ਮਹਾਰਾਜ ਦਾ ਦੇਖਿਆ ਮੈਂ।

ਕੁਝ ਅੱਗੇ ਜਾ ਕੇ ਸੱਜੇ ਹੱਥ ਪਾਸੇ,
ਸੱਚਖੰਡ ਅੰਦਰ ਅਜੀਬ ਸੀ ਦੇਖਿਆ ਮੈਂ।
ਕੁਝ ਹੋ ਬਿਸਮਾਦ ਸੈਕਿੰਡ ਅੰਦਰ,
ਚਾਰੋਂ ਤਰਫ਼ ਦੀ ਬਿਲਡਿੰਗ ਨੂੰ ਦੇਖਿਆ ਮੈਂ।
ਸੱਚ ਮੁੱਚ ਮੈਂ ਬਹੁਤ ਹੈਰਾਨ ਹੋਇਆ,
ਇਸ ਜਗ੍ਹਾ ਨੂੰ ਮਿਲਿਆ ਇਕਬਾਲ ਸੋਹਣਾ ।
ਸਰਵਣ ਦਾਸ ਸੁਆਮੀ ਦੀ ਯਾਦ ਅੰਦਰ,
ਅੱਜ ਦੇਖਿਆ ਹਸਪਤਾਲ ਸੋਹਣਾ ।

20 ਅਕਤੂਬਰ 1982 ਦਾ ਦਿਨ,
ਲੈ ਕੇ ਵੱਡਾ ਵਿਸ਼ਾਲ ਇਤਿਹਾਸ ਆਇਆ
ਰੋਗੀ ਦੁਖੀ ਨਿਮਾਣੇ ਨਿਤਾਣਿਆਂ ਲਈ,
ਵੰਡਣ ਸੁੱਖਾਂ ਦਾ ਅੱਜ ਭੰਡਾਰ ਆਇਆ।
ਪਿਛੜੇ ਹੋਏ ਇਲਾਕੇ ਦੀ ਸ਼ਾਨ ਤਾਂਈ,
ਦੇਖੋ ਚਾਰ ਹੈ ਚੰਦ ਲਗਾਉਣ ਆਇਆ।
ਕਦੇ ਪਾਏ ਸੀ ਗੁਰਾਂ ਨੇ ਚਰਨ ਜਿੱਥੇ,
ਉਸ ਥਾਂ ਦੇ ਭਾਗ ਜਗਾਉਣ ਆਇਆ।

ਪਰਉਪਕਾਰੀਆਂ ਦਾਨੀਆਂ ਸੱਜਣਾ ਲਈ,
ਸਮਾਂ ਲੈ ਕੇ ਆਇਆ ਬੇਮਿਸਾਲ ਸੋਹਣਾ।
ਸਰਵਣ ਦਾਸ ਸੁਆਮੀ ਦੀ ਯਾਦ ਅੰਦਰ,
ਅੱਜ ਦੇਖਿਆ ਹਸਪਤਾਲ ਸੋਹਣਾ ।

ਗੁਰੂ ਸਾਹਿਬ ਦੀਆਂ ਪਿਆਰੀਆਂ ਸੰਗਤਾਂ ਨੇ,
ਇਸ ਥਾਂ ਕੀਤੀਆਂ ਖੂਬ ਕੁਰਬਾਨੀਆਂ ਨੇ।
ਸੇਵਾ ਕੀਤੀ ਜੋ ਸੰਗਤਾਂ ਦਿਲ ਲਾ ਕੇ,
ਅੱਖਾਂ ਸਾਹਮਣੇ ਦਿਸਣ ਨਿਸ਼ਾਨੀਆਂ ਨੇ।

ਇਸ ਹਸਪਤਾਲ ਨੂੰ ਚਲਦਾ ਦੇਖਣ ਲਈ,
ਵੱਡੇ ਦਾਨ ਕੀਤੇ ਮਹਾਂਦਾਨੀਆਂ ਨੇ।
ਗੁਰੂ ਗਰੀਬ ਦਾਸ ਜੀ ਤੇਰੀ ਵਿਸ਼ਾਲ ਬੁੱਧੀ,
ਤੱਤ ਕੱਢਿਆ ਇਹ ਗਿਆਨੀਆਂ ਨੇ।

ਨਵੀਆਂ ਬਿਲਡਿੰਗਾਂ ਦੀ ਸ਼ੁਰੂਆਤ ਵਾਲਾ,
ਹੋਕਾ ਲਾ ਕੇ ਆਇਆ ਨਵਾਂ ਸਾਲ ਸੋਹਣਾ।
ਸਰਵਣ ਦਾਸ ਸੁਆਮੀ ਦੀ ਯਾਦ ਅੰਦਰ,
ਅੱਜ ਦੇਖਿਆ ਹਸਪਤਾਲ ਸੋਹਣਾ ।
ਬਹੁਤੇ ਦੁਖੀ ਲਚਾਰ ਬੀਮਾਰ ਜੋ ਸਨ,
ਹੋਇਆ ਉਹਨਾਂ ਦਾ ਚੰਗਾ ਇਲਾਜ ਇਥੇ।
ਦੁਖੀ ਰੋਗਾਂ ਹੱਥੋਂ ਜੋ ਮੌਤ ਮੰਗਦੇ ਸਨ,
ਰਾਸ ਆ ਗਿਆ ਜੀਵਨ ਦਾ ਸਾਜ ਇੱਥੇ।
ਏਥੋਂ ਲਾਭ ਜੋ ਹੋਇਆ ਗਰੀਬਾਂ ਤਾਈਂ,
ਗਾਥਾ ਗਾਉਂਦਾ ਹੈ ਸਾਰਾ ਸਮਾਜ ਏਥੇ।
ਤਜ਼ਰਬੇਕਾਰ ਲਾਇਕ ਹੈ ਸਟਾਫ਼ ਸਾਰਾ,
ਡਾਕਟਰ ਹਨ ਜੋ ਵੱਡੇ ਸਿਰਤਾਜ ਏਥੇ।
ਸਭੇ ਦਾਤਾਂ ਨੇ ਸਤਿਗੁਰੂ ਬਖਸ਼ੀਆ ਨੇ,
ਮਨ ਦੇਖ ਕੇ ਹੋਇਆ ਨਿਹਾਲ ਸੋਹਣਾ।
ਸਰਵਣ ਦਾਸ ਸੁਆਮੀ ਦੀ ਯਾਦ ਅੰਦਰ,
ਅੱਜ ਦੇਖਿਆ ਹਸਪਤਾਲ ਸੋਹਣਾ ।

ਧੰਨਵਾਦ ਯੂ.ਕੇ ਦੀਆਂ ਸੰਗਤਾਂ ਦਾ,
ਕੀਤੇ ਬਾਝ ਮੈਥੋਂ ਨਹੀਂ ਰਿਹਾ ਜਾਂਦਾ।

ਜਿਨ੍ਹਾਂ ਸੇਵਾ ਕੀਤੀ ਏਥੇ ਦਿਲ ਲਾ ਕੇ,
ਸ਼ਿਫ਼ਤ ਉਹਨਾਂ ਦੀ ਕੀਤਿਆਂ ਨਹੀਂ ਰਿਹਾ ਜਾਂਦਾ।
ਕਨੈਡਾ,ਅਮਰੀਕਾ ਵਾਲਿਆ ਪ੍ਰੇਮੀਆ ਦੀ,

ਉਪਮਾਂ ਕੀਤਿਆ ਬਾਂਝ ਨਹੀਂ ਰਿਹਾ ਜਾਂਦਾ।
ਦੇਸ਼ ਵਾਸੀਆਂ ,ਸਟਾਫ਼ ਤੇ ਟਰੱਸਟੀਆਂ ਦੀ,
ਸ਼ਲਾਘਾ ਕੀਤੇ ਬਗੈਰ ਨਹੀਂ ਰਿਹਾ ਜਾਂਦਾ।

ਸੇਵਾ ਵਾਸਤੇ ਕੁੰਭ ਮਹਾਨ ਲੱਗਾ,
ਸੇਵਾ ਕਰੋ ਤੇ ਪਾਓ ਜਮਾਲ ਸੋਹਣਾ।
ਸਰਵਣ ਦਾਸ ਸੁਆਮੀ ਦੀ ਯਾਦ ਅੰਦਰ,
ਅੱਜ ਦੇਖਿਆ ਹਸਪਤਾਲ ਸੋਹਣਾ ।
ਹਸਪਤਾਲ ਦੇ ਵਾਸਤੇ ਸਤਿਗੁਰਾਂ ਨੇ,
ਬਣਾਵਾਈਆਂ ਬਿਲਡਿੰਗਾਂ ਵੱਡੀਆਂ ਭਾਰੀਆਂ ਨੇ।
ਕੋਟਾ ਸਟੋਨ ਦੇ ਪਾਏ ਨੇ ਫਰਸ਼ ਸਾਰੇ,
ਚਿਪਸਾ ਲੱਗੀਆਂ ਬਹੁਤ ਪਿਆਰੀਆਂ ਨੇ।
ਵੱਡੀ ਕੀਮਤ ਵਾਲੇ ਹੋਏ ਨੇ ਪੇਂਟ ਸਾਰੇ,
ਸ਼ੋਭਾ ਰੰਗਾਂ ਦੀਆਂ ਬਹੁਤ ਨਿਆਰੀਆਂ ਨੇ।
ਕੰਮ ਕੋਈ ਵੀ ਕੋਝਾ ਨਹੀਂ ਰਹਿਣ ਦਿੱਤਾ,
ਸੁਚੱਜੇ ਢੰਗ ਨਾਲ ਹੋਈਆਂ ਤਿਆਰੀਆਂ ਨੇ।
ਸੇਵਾ ਸਭ ਇਹ ਗੁਰਾਂ ਦੀ ਯਾਦ ਅੰਦਰ,
'ਰਾਮੇ' ਸਤਿਗੁਰੂ ਸੱਚਾ ਗੋਪਾਲ ਸੋਹਣਾ,
ਸਰਵਣ ਦਾਸ ਸੁਆਮੀ ਦੀ ਯਾਦ ਅੰਦਰ,
ਅੱਜ ਦੇਖਿਆ ਹਸਪਤਾਲ ਸੋਹਣਾ ।

## ਬਾਬਾ ਪਿੱਪਲ ਦਾਸ ਤੇਰੀ ਜੈ ਹੋਵੇ

ਮਾਲਵਾ ਧਰਤੀ ਜ਼ਿਲ੍ਹਾ ਬਠਿੰਡਾ ਗਿੱਲ-ਪੱਤੀ ਹੈ ਪਿੰਡ ਇੱਕ ਵਸਦਾ।
ਸ੍ਰੀ ਹਰਨਾਮ ਦਾਸ ਰਹਿੰਦੇ ਸੱਚਖੰਡ ਬੱਲਾਂ ਇਤਿਹਾਸ ਹੈ ਦੱਸਦਾ।
ਸਤਿਗੁਰ ਜੀ ਦੀ ਸਿੱਖਿਆ ਪਾ ਕੇ ਦੁਨੀਆਂ ਵਲੋਂ ਮੁੱਖ ਬਦਲਿਆ।
ਦੁਨੀਆਂ ਦੇ ਵੱਲ ਲੱਗੀਆਂ ਅੱਖੀਆਂ ਦਾ ਉਨ੍ਹਾਂ ਰੁੱਖ ਬਦਲਿਆ।

ਬਾਬਾ ਮੋਹਨ ਦਾਸ ਜੀ ਪਾਸੋਂ ਪਾਇਆ ਹੈ ਸੀ ਨਾਮ ਖ਼ਜ਼ਾਨਾ।
ਲਿਵ ਸਤਿਗੁਰਾਂ ਚਰਨਾਂ 'ਚ ਜੋੜੀ ਛੱਡ ਦਿੱਤਾ ਸਰਵ ਯਰਾਨਾ।

ਪਰਿਵਾਰ ਸਮੇਤ ਨਗਰ ਵਿੱਚ ਰਹਿੰਦੇ ਸਭਨਾਂ ਨਾਲੋਂ ਨਾਤਾ ਤੋੜਿਆ।
ਸਤਿਗੁਰੂ ਜੀ ਦੇ ਮਾਰਗ ਚਲਕੇ ਰੱਬ ਨਾਲ ਸੀ ਨਾਤਾ ਜੋੜਿਆ।
ਨਾਮ ਦੀਆਂ ਆਈਆਂ ਲੋਰਾਂ ਜੀਵਨ ਦੀ ਆਈ ਕੀਮਤ ਯਾਦ।
ਸੱਚਾ ਨਾਮ ਹੀ ਸੱਚਾ ਧਨ ਹੈ ਨਾਮ ਬਿਨਾਂ ਜੀਵਨ ਬਰਬਾਦ।
ਇਹ ਜੀਵਨ ਨਹੀਂ ਫੇਰ ਮਿਲੇਗਾ ਸਮਾਂ ਹੈ ਇਸਨੂੰ ਹੁਣੇ ਸੰਭਾਲ।
ਚੋਰ ਤੇਰਾ ਘਰ ਲੁੱਟੀ ਜਾਂਦੇ ਸੱਜਣਾ ਆਪਣਾ ਆਪ ਸਾਂਭ ਲੈ ਮਾਲ।
ਹੋਏ ਬੈਰਾਗੀ ਘਰ ਤੋਂ ਨਿਕਲੇ ਪ੍ਰਭੂ ਭਗਤੀ ਦਾ ਗਾਵਾਂ ਰਾਗ।
ਮੋਹ ਨੀਂਦਰ ਵਿੱਚ ਜੋ ਮਨਸੁੱਤਾ ਮਨ ਨੂੰ ਆਖਿਆ ਸੁਤਿਆ ਜਾਗ।
ਨਾਮ ਰੰਗ ਵਿੱਚ ਚੋਲਾ ਰੰਗਿਆ ਚੜ੍ਹਿਆ ਰੰਗ ਮਜੀਠੀ ਲਾਲ।
ਸਾਰੇ ਕਾਰਜ ਸਫ਼ਲ ਹੋ ਗਏ ਜੀਵਨ ਖੁਸ਼ੀਆਂ ਨਾਲ ਨਿਹਾਲ।
ਪਰਉਪਕਾਰ ਲਈ ਨਿਕਲੇ ਪਿੰਡ-ਪਿੰਡ ,ਸ਼ਹਿਰ ਸ਼ਹਿਰ ਵਿੱਚ ਜਾਵਾਂ।
ਪ੍ਰਭੂ ਬੰਦਗੀ ਤੋਂ ਭਟਕੇ ਹਨ ਉਨ੍ਹਾਂ ਨੂੰ ਬੰਦਗੀ ਦੇ ਵਲ ਲਾਵਾਂ।
ਵਿਸ਼ੇ ਵਿਕਾਰਾਂ ਦੇ ਵਿੱਚ ਫਸ ਕੇ ਗਈ ਜਿਨ੍ਹਾਂ ਦੀ ਹੈ ਮੱਤ ਮਾਰੀ
ਹਾਰ ਗਏ ਜੀਵਨ ਦੀ ਬਾਜ਼ੀ ਜਿਉਂ ਸਭ ਕੁਝ ਹਾਰੇ ਜੁਆਰੀ।
ਐਸੇ ਜੀਵਾਂ ਉੱਤੇ ਸਤਿਗੁਰ ਪੂਰੇ ਸੱਚਾ ਕਰਮ ਕਮਾਇਆ।
ਖਰ ਬੰਦਗੀ ਛਾਡ ਮੈਂ ਮੇਰਾ ਸਤਿਗੁਰ ਉਪਦੇਸ਼ ਸੁਣਾਇਆ।
ਮਨ ਨੂੰ ਪੱਕੀਆਂ ਗੰਢਾਂ ਦੇ ਕੇ ਬਾਬੇ ਧਾਰਿਆ ਭੇਖ ਉਦਾਸੀ।
ਸੰਗਤਾਂ ਦੇ ਵਲੋਂ ਫਾਹੀਆਂ ਕਟਕੇ ਬੇਗਮਪੁਰੇ ਦਾ ਹੋ ਗਿਆ ਵਾਸੀ

**"ਇਹੁ ਜਨਮ ਤੁਮ੍ਹਾਰੇ ਲੇਖੇ"**

ਸੀ.ਡੀ ਸ਼ਹੀਦ ਸੰਤ ਰਾਮਾਨੰਦ ਜੀ ਦੁਆਰਾ ਗਾਇਨ ਅੰਮ੍ਰਿਤਬਾਣੀ ਦੇ ਸ਼ਬਦ ਅਤੇ ਗੀਤਾਂ ਦੀ ਸੀ.ਡੀ 2012 ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਦੁਆਰਾ ਸੰਗਤਾਂ ਨੂੰ ਭੇਂਟ ਕੀਤੀ ਗਈ।

# ਸ਼੍ਰੀ 108 ਸੰਤ ਰਾਮਾਨੰਦ ਜੀ ਦੀ ਸ਼ਹੀਦੀ
# (ਵਿਆਨਾ ਕਾਂਡ)

ਰਵਿਦਾਸੀਆ ਸਮਾਜ ਦੀ ਚੜ੍ਹਦੀ ਕਲਾ ,ਮਿਸ਼ਨ ਦਾ ਵੱਧਦਾ ਹੋਇਆ ਦੇਸ਼ਾਂ ਪ੍ਰਦੇਸ਼ਾ ਵਿੱਚ ਪ੍ਰਚਾਰ, ਇਹਨਾਂ ਦੇ ਇੱਕੋ ਇਕ ਸ਼੍ਰੋਮਣੀ ਤੀਰਥ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗੋਵਰਧਨਪੁਰ ਨੂੰ ਸੋਨੇ ਦੀਆਂ ਸੁੰਦਰ ਪਾਲਕੀਆਂ ਜਾਣੀਆ ਅਤੇ ਇਸ ਅਸਥਾਨ ਦਾ ਸੋਨੇ ਨਾਲ ਮੜ੍ਹਾਉਂਣ ਦਾ ਸੰਕਲਪ, ਵਿਸ਼ੇਸ਼ ਤੌਰ ਤੇ ਡੇਰਾ ਸੱਚਖੰਡ ਬੱਲਾਂ ਦੇ ਪ੍ਰਚਾਰ-ਪ੍ਰਸਾਰ ਦੀਆਂ ਗਤੀਵਿਧੀਆਂ, ਸ਼੍ਰੀ 108 ਸੰਤ ਰਾਮਾਨੰਦ ਜੀ ਦੀ ਬੁਲੰਦ ਅਵਾਜ਼,ਮਾਨਵਤਾ ਵਿਰੋਧੀਆਂ ਨੂੰ ਪਸੰਦ ਨਹੀਂ ਸੀ ਉਹ ਇਹ ਸਭ ਕੁਝ ਬਰਦਾਸ਼ਤ ਨਾ ਕਰ ਸਕੇ ਉਹਨਾਂ ਨੇ ਸੰਤ ਰਾਮਾਨੰਦ ਜੀ ਦੀ ਸ਼ਖ਼ਸੀਅਤ ਨੂੰ ਪਛਾਣਿਆ ਨਹੀਂ ਕਿ ਇਸ ਨਿਡੱਰ ਯੋਧੇ ਤੇ ਤਾਂ ਸ਼੍ਰੀ ਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਦੀਆਂ ਇਨ੍ਹਾਂ ਸਤਰਾਂ ਦਾ ਪੂਰਾ-ਪੂਰਾ ਅਸਰ ਹੈ:-

**ਰਵਿਦਾਸ ਸੋਈ ਸੂਰਾ ਭਲਾ ਜੋ ਲਰੈ ਧਰਮ ਕੇ ਹੇਤ॥**
**ਅੰਗ ਅੰਗ ਕੱਟ ਭੁਇ ਗਿਰੇ ਤਉ ਨਾ ਛਾਡੈ ਖੇਤ॥**

24 ਮਈ 2009 ਦਾ ਦਿਨ ਰਵਿਦਾਸੀਆ ਸਮਾਜ ਲਈ ਬਹੁਤ ਦੁੱਖਦਾਈ ਦਿਨ ਹੈ ਜਿਸ ਦਿਨ ਮਾਨਵਤਾ ਦੇ ਵਿਰੋਧੀ ਦੁਖਿਆਰਿਆਂ ਵਲੋਂ ਆਸਟਰੀਆਂ ਦੀ ਰਾਜਧਾਨੀ ਸ਼੍ਰੀ ਗੁਰੂ ਰਵਿਦਾਸ ਟੈਂਪਲ ਵਿਆਨਾ ਵਿੱਚ ਸ਼੍ਰੀ 108 ਸੰਤ ਰਾਮਾ ਨੰਦ ਜੀ ਅਤੇ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਉਪਰ ਜਾਨਲੇਵਾ ਹਮਲਾ ਕਰ ਦਿੱਤਾ ਜਿਸ ਵਿੱਚ ਸ਼੍ਰੀ 108 ਸੰਤ ਰਾਮਾ ਨੰਦ ਜੀ ਸ਼ਹੀਦ ਹੋ ਗਏ ਅਤੇ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਵਿਆਨਾ ਦੀਆ ਸੰਗਤਾਂ ਨੇ ਦਲੇਰੀ ਨਾਲ ਹਥਿਆਰਬੰਦ ਹਮਲਾਵਾਰਾਂ ਨੂੰ ਪਕੜ ਕੇ ਬਹਾਦਰੀ ਦਿਖਾਈ। ਇਹ ਘਟਨਾ ਪੂਰੇ ਦਲਿਤ ਸਮਾਜ ਲਈ ਇੱਕ ਵੰਗਾਰ ਸਾਬਿਤ ਹੋਈ ।ਇਸ ਅਸਹਿ ਘਟਨਾ ਨੇ ਰਵਿਦਾਸੀਆ ਸਮਾਜ ਦੇ ਮਨਾਂ ਨੂੰ ਝੰਜੋੜ ਕੇ ਰੱਖ ਦਿੱਤਾ। ਅਵਾਜ਼ ਏ ਰਵਿਦਾਸੀਆ ਕੌਮ ਨੂੰ ਬੰਦ ਕਰਨ ਲਈ ਕੋਝੀ ਅਤੇ ਘਿਨਾਉਣੀ ਚਾਲ ਚੱਲੀ ਗਈ ਪ੍ਰੰਤੂ ਜਿਸ ਚਿਰਾਗ ਨੂੰ ਬੁਝਾਇਆ ਗਿਆ ਇਸ ਚਿਰਾਗ ਦੀ ਰੌਸ਼ਨੀ ਲੱਖਾਂ ਗੁਣਾਂ ਵੱਧ ਗਈ।ਵਿਆਨਾਂ ਵਿਖੇ ਪਾਰਥਿਕ ਸਰੀਰ ਦੇ ਦਰਸ਼ਨ ਕਰਨ ਲਈ ਇੰਗਲੈਂਡ, ਯੂਰਪ, ਅਮਰੀਕਾ,ਕਨੇਡਾ ਅਤੇ ਵਿਸ਼ਵ ਭਰਦੀਆ ਸੰਗਤਾਂ ਵਿਆਨਾ ਪਹੁੰਚੀਆ। ਲੰਬੇ ਸਮੇਂ ਤੋਂ ਬਾਅਦ ਸਮਾਜ ਨੂੰ ਜਾਗ ਆਈ,ਧਾਰਮਿਕ ਗ਼ੁਲਾਮੀ ਦਾ ਅਹਿਸਾਸ ਹੋਇਆ।ਇਸ ਦੁੱਖ ਦੀ ਇੱਕ ਘਟਨਾ ਨਾਲ ਅੰਬਰਾਂ ਤੋਂ ਡਾ. ਭੀਮ ਰਾਓ ਅੰਬੇਡਕਰ ਦੀ ਕਲਮ ਨੇ ਮੁੜ ਅੰਗੜਾਈ ਲਈ।ਸੱਚ ਖੰਡ ਵਿੱਚੋਂ ਬਾਬਾ ਪਿੱਪਲ ਦਾਸ, ਸਤਿਗੁਰੂ ਸਰਵਣ ਦਾਸ ਜੀ ,ਸਤਿਗੁਰੂ ਹਰੀਦਾਸ ਜੀ, ਸਤਿਗੁਰੂ ਗਰੀਬ ਦਾਸ ਜੀ ਦੀ ਰੂਹ ਸਮਾਜ ਦੇ ਵਿਰਲਾਪ ਸੁਣ ਕੇ ਦੁਖੀ ਹੋਈ।ਬਜ਼ੁਰਗ ਬੀਬੀਆਂ, ਭੈਣਾਂ ,ਬੱਚੀਆਂ ਹਰ ਅੱਖ ਰੋਈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਜੋਤ ਦੀ ਹਜ਼ੂਰੀ ਵਿੱਚ ਏਡੀ ਦੁਰਘਟਨਾ,ਹਥਿਆਰਾਂ ਦੀ ਵਰਤੋਂ, ਨਿਹੱਥਿਆਂ ਤੇ ਜ਼ੁਲਮ, ਉਸ ਡੇਰੇ ਦੇ ਮਹਾਂਪੁਰਸ਼ਾਂ ਤੇ ਹਮਲਾ ਜੋ ਕਦੇ ਵਿਵਾਦ ਵਿੱਚ ਹੀ ਨਹੀਂ ਆਇਆ ।ਜਿਥੋਂ ਦੀਆਂ ਸਾਰੀਆਂ ਪੀੜ੍ਹੀਆਂ ਦੇ

ਮਹਾਂਪੁਰਸ਼ਾਂ ਨੇ ਨਾਮ ਜਪਿਆ ਅਤੇ ਆਪਣੀਆਂ ਲੱਖਾਂ ਕਰੋੜਾਂ ਸੰਗਤਾਂ ਨੂੰ ਬਾਣੀ ਨਾਲ ਜੋੜਿਆ ਉਸ ਵਕਤ ਤਾਂ ਸ਼ਾਇਦ ਬਾਣੀ ਦੇ ਇਹ ਬੋਲ ਹੀ ਆਤਮਾ ਉਚਾਰਦੀ ਹੋਵੇਗੀ।

**ਜੀਵਨ ਜੋਤ ਕੈਸੇ ਜਗੇ ਕੈਸੇ ਹੋਇ ਅੰਤ।**

**ਰਵਿਦਾਸ ਮਨੁੱਖ ਨਾ ਜਾਣਈ ਜਾਨਤ ਹੈ ਭਗਵੰਤ॥**

ਪਰ ਜਦੋਂ ਰਵਿਦਾਸੀਆ ਸਮਾਜ ਦੀ ਚੇਤੰਨਤਾ ਅਤੇ ਸੰਗਠਨ ਦਾ ਅੰਦਾਜ਼ਾ ਲਗਾਉਂਦੇ ਹਾਂ ਤਾਂ ਪਤਾ ਚਲਦਾ ਹੈ ਕਿ ਸਮਾਜ ਨੂੰ ਸੰਤ ਰਾਮਾਨੰਦ ਜੀ ਦੀ ਸ਼ਹੀਦੀ ਨੇ ਝੰਜੋੜਿਆਂ ਜਿਸ ਦਾ ਰਵਿਦਾਸੀਆ ਸਮਾਜ ਦੇ ਪ੍ਰਸਿੱਧ ਗੀਤਕਾਰ ਕਾਲਾ ਪਧਿਆਣੇ ਵਾਲੇ ਦੀ ਕਲਮ ਲਿਖਦੀ :-

**ਨਾਗਰ ਮੱਲ ਦਾ ਮਹਿਲ ਤੇ ਘਟਨਾ ਸ਼ਹਿਰ ਵਿਆਨਾ ਦੀ,**

**ਦੋਨੋਂ ਲਿਖੀਆਂ ਗਈਆਂ ਨੇ ਸਾਡੇ ਦਿਲ ਦੇ ਪੰਨਿਆਂ ਤੇ।**

ਇੱਕ ਪਲੇਟਫਾਰਮ ਤੇ ਇਕੱਤਰ ਹੋ ਗਏ ਕਿਉਂਕਿ ਜਿਸ ਅਵਾਜ਼ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਉਸ ਦਾ ਨਤੀਜਾ ਪੂਰੇ ਵਿਸ਼ਵ ਦੇ ਲੋਕਾਂ ਨੇ ਅੱਖਾਂ ਨਾਲ ਤੱਕਿਆ। ਜਿਸ ਨੂੰ ਸੰਤ ਰਾਮਾ ਨੰਦ ਜੀ ਅਤੇ ਡੇਰਾ ਸੱਚਖੰਡ ਬੱਲਾਂ ਬਾਰੇ ਨਹੀਂ ਵੀ ਪਤਾ ਸੀ ਉਹ ਵੀ ਇਸ ਘਟਨਾ ਨਾਲ ਜਾਗਰੂਕ ਹੋ ਗਏ ਕਿ ਸਾਡੇ ਸਮਾਜ ਦਾ ਵੀ ਕੋਈ ਸ਼ਿਰੋਮਣੀ ਡੇਰਾ ਅਤੇ ਸੰਤ ਹਨ। ਰਵਿਦਾਸੀਆ ਸਮੁਦਾਇ ਦੇ ਲੋਕ ਚਾਹੇ ਕਿਸੇ ਵੀ ਸੰਤ ਦੇ ਸੇਵਕ ਹੋਣ ਕਿਸੇ ਵੀ ਮਹਾਂਪੁਰਸ਼ ਦੇ ਅਨੁਘਾਇ ਹੋਣਾ ਸਾਰਿਆਂ ਨੇ ਏਕੇ ਦਾ ਸਬੂਤ ਦਿੰਦੇ ਹੋਏ ਮਹਾਂਪੁਰਸ਼ਾਂ ਤੇ ਹੋਏ ਹਮਲੇ ਦਾ ਦੁੱਖ ਮੰਨਿਆ ਅਤੇ ਰੋਸ ਜ਼ਾਹਿਰ ਕੀਤਾ। ਇਸ ਦੁੱਖਦਾਇਕ ਘਟਨਾ ਨਾਲ ਪੂਰੇ ਵਿਸ਼ਵ ਦੀਆਂ ਸੰਗਤਾਂ ਨੂੰ ਗਿਆਨ ਹੋ ਗਿਆ ਕਿ ਸਾਡਾ ਵੀ ਕੋਈ ਵਿਸ਼ਵ ਪੱਧਰ ਤੇ ਡੇਰਾ ਅਤੇ ਸੰਤ ਹਨ। ਬਿਨ੍ਹਾਂ ਕਿਸੇ ਸੱਦੇ ,ਬਿਨ੍ਹਾਂ ਕਿਸੇ ਪਲੈਨਿੰਗ ,ਬਿਨ੍ਹਾਂ ਕਿਸੇ ਹਥਿਆਰ ਅਤੇ ਬਿਨ੍ਹਾਂ ਕਿਸੇ ਅਗਵਾਈ ਦੇ ਐਨਾ ਵੱਡਾ ਰੋਸ ਪ੍ਰਦਰਸ਼ਨ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਹੋਇਆ ਹੋਵੇਗਾ। ਅੰਬਰ ਤੇ ਧਰਤੀ ਰੋਈ, ਸਮੇਂ ਦੀਆ ਸਰਕਾਰਾਂ ਨੂੰ ਭਾਜੜਾਂ ਪੈ ਗਈਆਂ ।ਪ੍ਰਸ਼ਾਸਨ ਹਿੱਲਿਆ ਅਣਮਿੱਥੇ ਸਮੇਂ ਲਈ ਕਰਫਿਊ ਲਗਾਏ ਗਏ। ਸਾਰੇ ਪਾਸੇ ਫ਼ੌਜ ਦਿਖਾਈ ਦੇਣ ਲੱਗੀ ,ਨਿਊਜ਼ ਚੈਨਲ ਬੰਦ ਕਰਵਾਏ ਗਏ।

ਸ਼ਾਤਮਈ ਰੋਸ ਪ੍ਰਦਸ਼ਨਕਾਰੀਆਂ ਤੇ ਮਾਰ ਕੁਟਾਈ ਕੀਤੀ ਗਈ। ਨਿਹੱਥੇ ਲੋਕਾਂ ਤੇ ਨਜਾਇਜ਼ ਕੇਸ ਬਣਾਏ ਗਏ। ਦਲਿਤ ਵਿਰੋਧੀਆਂ ਵਲੋਂ ਗੋਲੀਆਂ ਚਲਾਈਆਂ ਗਈਆਂ ਜਿਨ੍ਹਾਂ ਵਿੱਚ ਸ਼੍ਰੀ ਵਿਜੇ ਕੁਮਾਰ ਢਿੱਲਵਾ, ਸ਼੍ਰੀ ਰਜਿੰਦਰ ਕੁਮਾਰ ਰਾਮਗੜ੍ਹ ਨੰਗਲ ਫਿਲੌਰ, ਸ਼੍ਰੀ ਤੇਲੂ ਰਾਮ ਹੁਸੈਨਪੁਰ ਲਾਂਬੜਾ, ਸ਼੍ਰੀ ਬਲਕਾਰ ਸਿੰਘ ਖੋਖਰ ਦਿਵਾਖੜੀ ਮੁਕੇਰੀਆਂ (ਹੁਸਿਆਰਪੁਰ) ਗੋਲੀਆਂ ਨਾਲ ਸ਼ਹੀਦ ਹੋ ਗਏ।ਸ਼ਿੰਦਾ ਰਾਣੀ ਪੁਰੀਆ ਆਪਣੇ ਇੱਕ ਗੀਤ ਵਿੱਚ ਰਵਿਦਾਸੀਆ ਕੌਮ ਦੇ ਚਾਰ ਮਹਾਨ ਸ਼ਹੀਦਾ ਦਾ ਇੰਝ ਬਿਆਨ ਕਰਦੇ ਹਨ:-

**ਰਜਿੰਦਰ ਕੁਮਾਰ ਬਲਕਾਰ ਤੇਲੂ ਰਾਮ ਨੂੰ,**

**ਕਰਨਾ ਕਬੂਲ ਵਿਜੈ ਸਾਡੇ ਪ੍ਰਣਾਮ ਨੂੰ,**

**ਹੱਸ ਹੱਸ ਕੌਮ ਉੱਤੋਂ ਵਾਰ ਗਏ ਜਵਾਨੀਆਂ,**

**ਇਹ ਜ਼ਿੰਦਗੀ 'ਚ ਕਦੇ ਵੀ ਭੁਲਾਈਆਂ ਨਹੀਂਓ ਜਾਣੀਆਂ।**

ਅਨੇਕਾਂ ਲੋਕ ਇਸ ਦੌੜ ਭੱਜ ਵਿੱਚ ਜ਼ਖ਼ਮੀ ਵੀ ਹੋ ਗਏ।ਮਾਵਾਂ ਦੇ ਪੁੱਤਰ ਅਤੇ ਭੈਣਾਂ ਦੇ ਵੀਰ ਚਲੇ ਗਏ ਅਜਿਹੇ ਦੁਖਾਂਤ ਤੇ ਕਿਸੇ ਸ਼ਾਇਰ ਦੀਆਂ ਸਤਰਾਂ ਯਾਦ ਆਉਂਦੀਆਂ ਹਨ:-

**ਜਬਰ ਦੇਖੇ ,ਜ਼ੁਲਮ ਦੇਖੇ ਸਿਤਮ ਦੇਖੇ,**

**ਕਸਾਈ ਤੱਕ ਵੀ ਦੇਖੇ ਨਾ ਇਤਨੇ ਬੇ-ਰਹਮ ਦੇਖੇ।**

ਸ਼ਾਇਦ ਅਜਿਹੇ ਹੀ ਸਮਾਜ ਵਿਰੋਧੀ, ਧਰਮ ਦੇ ਠੇਕੇਦਾਰਾਂ ਨੂੰ ਵੰਗਾਰਦੀ ਹੈ ਰਾਜੇਸ਼ ਕੈਂਥ ਭਬਿਆਣਵੀ ਦੀ ਕਲਮ ਚੋ ਉਪਜਦੀ ਹੋਈ ਸ਼ਾਇਰੀ:-

**ਖ਼ੂਨ ਪੀ ਕੇ ਇਨਸਾਂ ਦਾ ਅੱਲ੍ਹਾ ਨੂੰ ਵਾਜਾਂ ਮਾਰਦੇ ਹੋ,**
**ਪੜ੍ਹ ਪੰਜ ਨਵਾਜਾਂ ਭਲਾ ਕਿਸੇ ਦਾ ਕੀ ਸਵਾਰਦੇ ਹੋ।**
**ਪਾ ਕੇ ਰਾਮ ਮੰਦਰ ਦੀ ਦੁਹਾਈ ਲਾਲ ਗੰਗਾ ਵਹਾਈ,**
**ਇੱਕ ਮੰਦਰ ਵਾਸਤੇ ਘਰ ਵਸਦੇ ਕਿਉਂ ਉਜਾੜਦੇ ਹੋ।**
**ਪਾ ਕੇ ਮਰਿਆਦਾ ਦਾ ਰੌਲਾ ਨਾ ਸੰਤਾਂ ਨੂੰ ਮਾਰੋ,**
**ਨਿਹੱਥਿਆ ਕਰਕੇ ਵਾਰ ਕਿਹੜੀ ਸ਼ੇਖੀ ਮਾਰਦੇ ਹੋ।**
**ਦਿਲ ਮੰਦਰ ਵਿੱਚ ਰੱਬ ਵਸਦਾ ਓ ਮਜ਼ਬੀ ਠੇਕੇਦਾਰੋ,**
**ਤੋੜ ਕੇ ਦਿਲ ਨੂੰ ਕੇਹਦੀ ਆਰਤੀ ਉਤਾਰਦੇ ਹੋ।**

**ਰਾਹਵਾਂ ਨੂੰ ਮੰਜਿਲ ਮੰਨ ਬੈਠਿਓ ਹੋਸ਼ ਕਰੋ,**

**ਧਰਮ ਇਨਸਾ ਲਈ ਕਿਉਂ ਏਹ ਵਿਸਾਰਦੇ ਹੋ।**

ਮਾਨਵਤਾ ਦੇ ਮਸੀਹਾ ,ਦੱਬੇ ਕੁਚਲੇ ਸਮਾਜ ਲਈ ਪ੍ਰੇਰਨਾ ਸ੍ਰੋਤ, ਕ੍ਰਾਂਤੀਕਾਰੀ, ਸੰਤ ਸਿਪਾਹੀ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੇ ਕਾਤਲਾਂ ਨੂੰ ਸਵਾਲ ਕਰਦੀ ਹੋਈ ਰਾਜੇਸ਼ ਕੈਂਥ ਦੀ ਕਲਮ ਪੁੱਛਦੀ ਹੈ:-

**ਖੁਦ ਨੂੰ ਸਿੱਖੀ ਦੇ ਵਾਰਿਸ ਕਹਾਂਉਂਦੇ ਓ**

**ਸੰਤਾਂ ਦੇ ਖ਼ੂਨ ਬਹਾਏ ਕਿਉਂ ਗਏ।**

ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਉਪਰੰਤ ਰਵਿਦਾਸੀਆਂ ਕੌਮ ਵਿੱਚ ਆਈ ਜਾਗ੍ਰਿਤੀ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਨੂੰ ਦੇਖਦਿਆਂ ਕੈਂਥ ਲਿਖਦਾ ਹੈ ਕਿ :-

**ਚਾੜ੍ਹ ਕੇ ਸੂਲੀ ਈਸਾ ਨੂੰ ਮਿਟਾ ਨਾ ਪਾਏ,**

**ਬਿਠਾ ਕੇ ਤਵੀ ਤੇ ਸੱਚ ਨੂੰ ਜਲਾ ਨਾ ਪਾਏ।**

**ਵਿੱਚ ਵਿਆਨਾ ਜ਼ੁਲਮ ਦਾ ਨੰਗਾ ਨਾਚ ਕਰਕੇ,**

**ਸੱਚ ਦੀ ਜੋਤ ਨੂੰ ਜਾਬਰ ਲੋਕ ਬੁਝਾ ਨਾ ਪਾਏ।**

ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਅਮਰ ਸ਼ਹਾਦਤ ਨੇ ਇੱਕ ਨਵਾਂ ਇਤਿਹਾਸ ਸਿਰਜਿਆ ਜ਼ਾਲਮ ਲੋਕਾਂ ਦੀ ਸੋਚ ਅਤੇ ਨੀਅਤ ਨੂੰ ਰਵਿਦਾਸੀਆ ਸਮਾਜ ਨੇ ਜਾਣਿਆ ਉਥੇ ਜ਼ਾਲਮਾਂ ਲਈ ਵੰਗਾਰ ਵੀ ਬਣ ਕੇ ਮੈਦਾਨ ਵਿੱਚ ਨਿੱਤਰਿਆ।ਸਮਾਜ ਦੀ ਏਕਤਾ ਨੇ ਕਾਤਲਾਂ ਨੂੰ ਸਫ਼ਲ ਨਹੀਂ ਹੋਣ ਦਿੱਤਾ ਇਸ ਨੂੰ ਰਵਿਦਾਸੀਆ ਕੌਮ ਦੇ ਕ੍ਰਾਂਤੀਕਾਰੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੀ ਰਚਨਾ ਵਿੱਚ ਲਿਖਿਆ ਹੈ :-

**ਵਿਆਨਾਂ ਦੇ ਵਿੱਚ ਅਮਰ ਸ਼ਹਾਦਤ ਜਾ ਕੇ ਪਾਈ,**
**ਕੌਮ ਦੀ ਸੁੱਤੀ ਹੋਈ ਅਣਖ ਵਿਸ਼ਵ ਵਿੱਚ ਜਗਾਈ,**
**ਚਾਰ ਸ਼ਹੀਦਾਂ ਨੇ ਸ਼ਹਾਦਤ ਨੂੰ ਅੱਗੇ ਵਧਾਇਆ,**
**ਸੰਤ ਰਾਮਾ ਨੰਦ ਜੀ ਨੇ ਰਵਿਦਾਸੀਆ ਕੌਮ ਨੂੰ ਜਗਾਇਆ।**

**ਸੰਤ ਸਮਾਜ ਨੇ ਰਵਿਦਾਸੀਆ ਧਰਮ ਐਲਾਨ ਕੀਤਾ,**
**ਅੰਮ੍ਰਿਤਬਾਣੀ ਦਾ ਸੰਗਤਾਂ ਨੇ ਸਭ ਪਾਸੇ ਧਿਆਨ ਕੀਤਾ,**
**ਹਰਿ ਦਾ ਨਿਸ਼ਾਨ ਦੁਨੀਆਂ ਵਿੱਚ ਲਹਿਰਾਇਆ,**
**ਸੰਤ ਰਾਮਾ ਨੰਦ ਜੀ ਨੇ ਰਵਿਦਾਸੀਆ ਕੌਮ ਨੂੰ ਜਗਾਇਆ।**

# ਅੰਤਿਮ ਸੰਸਕਾਰ

4 ਜੂਨ 2009 ਸੰਤ ਰਾਮਾ ਨੰਦ ਜੀ ਦੇ ਅੰਤਿਮ ਸੰਸਕਾਰ ਸਮੇਂ ਉਨ੍ਹਾਂ ਨੂੰ ਸਰਕਾਰੀ ਸਨਮਾਨਾਂ ਉਪਰੰਤ ਸੰਤ ਮਰਿਆਦਾ ਅਨੁਸਾਰ ਅਗਨੀ ਭੇਂਟ ਕਰਨੀ ,ਰਾਜਾਂ ਦੇ ਮੁੱਖ ਮੰਤਰੀਆਂ ,ਕੇਂਦਰ ਅਤੇ ਰਾਜਾਂ ਦੇ ਵਜੀਰਾਂ , ਆਲ੍ਹਾ ਦਰਜੇ ਦੇ ਅਫ਼ਸਰ ਸਾਹਿਬਾਨ ਵਲੋਂ ਹਾਜ਼ਿਰ ਹੋਣਾ ਸ਼੍ਰੀ 108 ਸੰਤ ਰਾਮਾਨੰਦ ਜੀ ਦੇ ਅਮਰ ਸ਼ਹੀਦ ਹੋਣ ਦੀ ਪ੍ਰਮਾਣਿਕਤਾ ਨੂੰ ਹੋਰ ਪੱਕਿਆਂ ਕਰਦਾ ਹੈ। ਆਪ ਜੀ ਦੇ ਪੰਜ ਭੌਤਿਕ ਸਰੀਰ ਦਾ ਅੰਤਿਮ ਸੰਸਕਾਰ ਡੇਰੇ ਦੇ ਨਾਲ ਲਗਦੇ ਸ਼੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਦੇ ਪਾਸ ਸ਼੍ਰੀ 108 ਸੰਤ ਗਰੀਬ ਦਾਸ ਜੀ ਦੇ ਅੰਗੀਠਾ ਸਾਹਿਬ ਪਾਸ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਅਤੇ ਸੰਤ ਸਮਾਜ ਦੀ ਹਾਜ਼ਰੀ ਵਿੱਚ ਅਰਦਾਸ ਬੇਨਤੀਆਂ ਕਰਨ ਉਪਰੰਤ ਸੰਖਾਂ ਅਤੇ ਵਾਜਿਆਂ ਦੀਆਂ ਧੁਨਾਂ ਨਾਲ ਕੀਤਾ ਗਿਆ।ਇਸ ਅਸਥਾਨ ਤੇ ਹੀ ਆਪ ਜੀ ਦਾ ਅੰਗੀਠਾਂ ਸਾਹਿਬ ਬਣਾਇਆ ਗਿਆ ਹੈ। ਜਿਥੇ ਸ਼ਰਧਾਲੂ ਸੰਗਤਾਂ ਆਪਣੇ ਸਤਿਗੁਰੂ ਪਿਆਰੇ ਨੂੰ ਸੱਜਦਾ ਕਰਦੀਆਂ ਹਨ। ਇਸ ਮੁਕੱਦਸ ਸਥੱਲ ਤੇ ਜਾਣ ਵਾਲੇ ਦੋਨੋਂ ਪਾਸੇ ਸੁੰਦਰ ਫੁੱਲ ਬੂਟਿਆਂ ਵਾਲਾ ਰਾਸਤਾ ਬਣਿਆ ਹੋਇਆ ਹੈ ਅਤੇ ਬਹੁਤ ਕੀਮਤੀ ਪੱਥਰ ਲਗਾਏ ਗਏ ਹਨ। 4 ਜੂਨ 2009 ਈ. ਨੂੰ ਆਪ ਜੀ ਦੇ ਅੰਤਮ ਦਰਸ਼ਨਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਦੇ ਮੈਂਬਰ,ਸੰਤ ਸਮਾਜ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਸਮੇਤ ਲੱਖਾਂ ਲੋਕ ਸ਼ਾਮਿਲ ਹੋਏ ਸਨ।

ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੇ ਚਿਤਾ ਨੂੰ ਅਗਨੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਦਿਖਾਈ।

ਆਪ ਜੀ ਦੀ ਅੰਤਿਮ ਅਰਦਾਸ ਮੌਕੇ ਸ਼੍ਰੀ 108 ਸੰਤ ਨਿਰੰਜਣ ਦਾਸ ਜੀ, ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ, ਸ਼੍ਰੀ 108 ਸੰਤ ਸੁਰਿੰਦਰ ਦਾਸ ਕਠਾਰ, ਸ਼੍ਰੀ 108 ਸੰਤ ਗੁਰਬਚਨ ਦਾਸ ਜੀ ਅਤੇ ਸਮੂਹ ਟਰੱਸਟੀਜ਼ ਸ਼੍ਰੀ ਸਾਧੂ ਰਾਮ ਹੀਰ,ਸ਼੍ਰੀ ਹੁਕਮ ਚੰਦ , ਸ਼੍ਰੀ ਜੋਗੀ ਰਾਮ, ਸ਼੍ਰੀ ਦੇਵ ਰਾਜ, ਸ਼੍ਰੀ ਪ੍ਰਸ਼ੋਤਮ ਦਾਦਰਾ, ਸ਼੍ਰੀ ਕਿਰਪਾਲ ਚੰਦ, ਸ਼੍ਰੀ ਦਲਵੀਰ ਭਾਟੀਆ ਅਤੇ ਹੋਰ ਟਰੱਸਟ ਦੇ ਮੈਂਬਰ ਅਰਦਾਸ ਸਮੇਂ ਸ਼ਾਮਿਲ ਸਨ ।ਇਸ ਸਮੇਂ ਸ਼੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਅੰਮ੍ਰਿਤਬਾਣੀ ਦੇ ਸ਼ਬਦ ਦੇ ਜਾਪ ਕਰਵਾਏ ਗਏ। ਕੀਰਤਨੀ ਜੱਥਿਆਂ ਵਿਚ ਸ਼੍ਰੀ ਗੁਰਦੇਵ ਜੀ,ਭਾਈ ਹਰਪਾਲ ਸਿੰਘ,ਭਾਈ ਦਰਸ਼ਨ ਸਿੰਘ 'ਅਮਨ', ਭਾਈ ਦਰਸ਼ਨ ਸਿੰਘ 'ਕੋਮਲ' ਬੀਬੀ ਰੰਜਨਾ, ਸ਼੍ਰੀ ਸੰਜੀਵ ਰਾਜਾ,ਸੰਤ ਮੋਹਣ ਦਾਸ ਦੇ ਜੱਥਿਆਂ ਨੇ ਵੈਰਾਗਮਈ ਕੀਰਤਨ ਕੀਤਾ।

ਸਾਧੂ ਸੰਪ੍ਰਦਾਇ ਦੇ ਸੰਤਾਂ ਮਹਾਂਪੁਰਸ਼ਾਂ ਵਲੋਂ ਸੰਤ ਰਾਮਾ ਨੰਦ ਜੀ ਦੀ ਅੰਤਿਮ ਅਰਦਾਸ ਵਿਚ ਸ਼ਮੂਲੀਅਤ ਕਰਕੇ ਸਰਧਾਂਜਲੀ ਭੇਂਟ ਕੀਤੀ ਗਈ ਜਿਨ੍ਹਾਂ ਵਿਚ ਸਤਿਕਾਰਯੋਗ ਸੰਤ ਸੁਖਦੇਵ ਬਾਘਮਾਰੇ ਜੀ ਪੂਨਾ, ਸੰਤ ਸਤਿਆਪਾਲ ਜੀ ਚੰਡੀਗੜ੍ਹ, ਸੰਤ ਕ੍ਰਿਸ਼ਨ ਨਾਥ ਜੀ ਚਹੇੜੂ, ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ, ਸੰਤ ਨਿਰਮਲ

ਦਾਸ ਡੇਰਾ ਬਾਬੇ ਜੋੜੇ ਜੀ , ਸੰਤ ਨਿਰਮਲ ਸਿੰਘ ਜੀ ਆਬਾਦਾਨ, ਸੰਤ ਕੁਲਵੰਤ ਰਾਮ ਭਰੋ ਮਜਾਰਾ, ਮਹੰਤ ਕੇਸ਼ਵ ਬੰਗਾ ਜੀ, ਸੰਤ ਦੇਸ ਰਾਜ ਜੀ, ਸੰਤ ਫਕੀਰ ਦਾਸ ਤੰਦਵਾਲੀ,ਹਰਿਆਣਾ, ਸੰਤ ਭਗਤ ਰਾਮ ਦਿਆਲ ਜੀ ਕਪਾਲ ਮੋਚਨ,ਸੰਤ ਵੀਰ ਸਿੰਘ ਹਿਤਕਾਰੀ ਬੁਲੰਦ ਸ਼ਹਿਰ, ਸੰਤ ਸਤਪਾਲ ਜੀ ਆਹਲੂਵਾਲ ਹਰਿਆਣਾ,ਸੰਤ ਸੂਰਜ ਭਾਨ ਜੀ ਨਾਲਾਗੜ੍ਹ ਜਗਾਧਰੀ,ਸੰਤ ਪੰਚਮ ਦਾਸ ਜੀ ਕਰਾਰਪੁਰ ਸਾਗਰ ਮੱਧ ਪ੍ਰਦੇਸ਼,ਸੰਤ ਬੀਬੀ ਰੌਸ਼ਨੀ ਦਾਸ ਜੀ ਛਟਮਲਪੁਰ(ਯੂ.ਪੀ), ਸੰਤ ਸੀਤਲ ਦਾਸ ਜੀ ਕਾਲੇਵਾਲ ਭਗਤਾਂ, ਸੰਤ ਸੂਰਜ ਦਾਸ ਜੀ ਹਰਿਆਣਾ,ਸੰਤ ਤਪੱਸਿਆ ਗਿਰ ਜੀ ਦਸੂਹਾ,ਸੰਤ ਗਿਆਨ ਦਾਸ ਜੀ ਬੋਲੀਨਾ,ਸੰਤ ਹਰਬੰਸ ਦਾਸ ਜੀ ਗੰਗਾਨਗਰ,ਸੰਤ ਬਾਬਾ ਹਰਦੇਵ ਸਿੰਘ ਪਟਿਆਲਾ, ਸੰਤ ਅਲੋਕ ਨਾਥ ਜੀ ਸੁਕਰਤਾਲ (ਯੂ.ਪੀ), ਸੰਤ ਰਾਮਪਾਲ ਯੂ.ਪੀ, ਸੰਤ ਦੀਪਕ ਪ੍ਰਕਾਸ਼ ਚਿਤਰਕੁਟ, ਸੰਤ ਕੈਲਾਸ਼ ਗਿਰ ਜੀ ਦਸੂਹਾ, ਸੰਤ ਗੁਰਦੀਪ ਗਿਰੀ ਜੀ ਪਠਾਨਕੋਟ, ਸੰਤ ਗਿਆਨ ਪ੍ਰਕਾਸ਼ ਜੀ ਬਨਾਰਸ. ਸੰਤ ਗਿਆਨ ਸਿੰਘ ਗਾਜੀ ਗੁੱਲਾ, ਸੰਤ ਪਿਆਰਾ ਦਾਸ ਜੀ ਗਿੱਲਪੱਟੀ ਬਠਿੰਡਾ, ਸੰਤ ਕੈਲਾਸ਼ ਨਾਥ ਹਾਪਰ, ਸੰਤ ਹੁਸਨ ਦਾਸ ਜੀ ਲਾਚੋਵਾਲ, ਸੰਤ ਸੰਪੂਰਨ ਦਾਸ ਜੀ, ਸੰਤ ਸੇਵਾ ਦਾਸ ਜੀ ਨਵਾਂਸਹਿਰ, ਸੰਤ ਰਾਮ ਸਿੰਘ ਜੀ ਸ਼ਾਹਪੁਰ ਕੰਡੀ, ਸੰਤ ਰਾਮ ਆਸਰਾ ਜੀ ਬੰਗੇ, ਸੰਤ ਹਰੀ ਦਾਸ ਜੀ ਜਬਲਪੁਰ, ਸੰਤ ਗੋਪਾਲ ਨੰਦ ਜੀ ਪਸੀਵਾਲ, ਸੰਤ ਬਾਬਾ ਕਸ਼ਮੀਰਾ ਸਿੰਘ ਜੀ ਕੋਟ ਫਤੂਹੀ, ਸੰਤ ਬਲਵੀਰ ਸਿੰਘ ਜੀ ਮੰਨਣਹਾਰਾ, ਸੰਤ ਗੁਰਮੀਤ ਦਾਸ ਜੀ ਲੱਬਰਪੋਹਾਰੀ, ਸੰਤ ਜੈਨ ਮੁਨੀ ਜੀ ਜਲੰਧਰ, ਸੰਤ ਬਲਵਿੰਦਰ ਸਿੰਘ ਜੀ ਮੂਲੋਵਾਲ, ਸੰਤ ਨਰੇਸ਼ ਗਿਰੀ ਜੀ ਨੰਗਲ ਖੂੰਗੇ, ਸੰਤ ਜਸਪਾਲ ਦਾਸ ਜੀ ਓੱਡਰਾ, ਸੰਤ ਪਿਆਰਾ ਦਾਸ ਪਰਸਰਾਮਪੁਰ, ਸੰਤ ਬਾਬਾ ਕਸ਼ਮੀਰਾ ਸਿੰਘ ਗੜ੍ਹਾ, ਮਹੰਤ ਗੋਮਤੀ ਦਾਸ ਜੰਡੂ ਸਿੰਘਾ,ਦਿੱਵਿਆ ਜਾਗ੍ਰਿਤੀ ਸੰਸਥਾਨ ਨੂਰਮਹਿਲ ਤੋਂ ਚਿੰਨਿਮ ਅਨੰਤ, ਸੁਆਮੀ ਨਰਾਇਣਾ ਅਨੰਤ, ਸੁਆਮੀ ਸੁਰਿੰਦਰ ਜੀ, ਸੰਤ ਸੰਤੋਖ ਦਾਸ ਜੋਹਲਾ, ਸੰਤ ਇੰਦਰਦਾਸ ਜੀ ਸ਼ੇਰਪੁਰ, ਸੰਤ ਭਗਤ ਰਾਮ ਜੀ ਗੁਰਾਇਆ, ਸੰਤ ਬਹਾਦਰ ਸਿੰਘ ਮਿੱਠਾ ਟਿਵਾਨਾ, ਸੰਤ ਮਹਿੰਦਰ ਪਾਲ ਜੀ ਪਾਂਡਵਾ, ਸੰਤ ਟਹਿਲ ਨਾਥ ਨੰਗਲ ਖੇੜਾ, ਸੰਤ ਸੋਹਣ ਸਿੰਘ ਜੀ ਮਾਹਲਪੁਰ,ਸੰਤ ਬੀਬੀ ਮਮਤਾ ਪੰਡੋਰੀ, ਸੰਤ ਕਰਤਾਰ ਦਾਸ ਜੀ ਟੂਟੋ ਮਜਾਰਾ, ਸੰਤ ਭੋਲਾ ਦਾਸ ਜੀ ਬੂਥਗੜ੍ਹ, ਸੰਤ ਓਮਦਾਸ ਜੀ ਨੂਰਪੁਰ ਕੋਟਲਾ, ਸੰਤ ਸਤਨਾਮ ਸਿੰਘ ਜੀ ਬਬੇਲੀ, ਸੰਤ ਰਾਮਪਾਲ ਲੁਧਿਆਣਾ, ਸੰਤ ਸੁਖਜਹੀਤ ਸਿੰਘ ਜੀ ਨਿਰਮਲ ਕੁਟੀਆ ਸੀਚੇਵਾਲ, ਸੰਤ ਪਾਖਰ ਸਿੰਘ ਡੀਂਗਰੀਆਂ, ਸੰਤ ਚੰਦਰ ਹੰਸ ਨਾਹਲਾ, ਸੰਤ ਸ਼ਾਤੀ ਦਾਸ ਬਲਵੱੜਾ ਪਟਿਆਲਾ, ਸੰਤ ਆਸ ਰਾਮ, ਹਰੀ ਕ੍ਰਿਸ਼ਨ ਵਿਦਿਆਰਥੀ,ਮਹਾਂ ਮੰਤਰੀ ਬੜਾ ਸਾਹਿਬ, ਸੰਤ ਬਖਸ਼ੀਸ ਸਿੰਘ ਨਢਾਲੋ, ਸੰਤ ਗੁਰਮੀਤ ਸਿੰਘ, ਸੰਤ ਮਹਿੰਦਰ ਦਾਸ ਜੀ ਮੇਘੋਵਾਲ, ਸੰਤ ਰਤਨ ਗੋਪਾਲ, ਸੰਤ ਹਰਵਿੰਦਰ ਦਾਸ ਜੀ ਆਦਮਪੁਰ, ਸੰਤ ਲੇਖ ਰਾਜ, ਸੰਤ ਮੋਹਨ ਦਾਸ ਅਤੇ ਹੋਰ ਬਹੁਤ ਸਾਰੇ ਰਾਜਾ ਤੋਂ ਆਏ ਮਹਾਂਪੁਰਸ਼ਾ ਨੇ ਸਰਧਾਂਜਲੀ ਭੇਂਟ ਕੀਤੀ।

ਸਮਾਜਿਕ ਤੇ ਰਾਜਨੀਤਕ ਪੱਖ ਤੋਂ ਭੈਣ ਕੁਮਾਰੀ ਮਾਇਆਵਤੀ ਜੀ, ਸ਼੍ਰੀ ਪ੍ਰਕਾਸ਼ ਭਾਰਤੀ, ਸ਼੍ਰੀ ਸ਼ਮਸ਼ੇਰ ਸਿੰਘ ਦੂਲੋ, ਸ. ਪ੍ਰਕਾਸ਼ ਸਿੰਘ ਬਾਦਲ, ਸ.ਸੁਖਬੀਰ ਸਿੰਘ ਬਾਦਲ,

ਕੈਪਟਨ ਅਮਰਿੰਦਰ ਸਿੰਘ, ਸ਼੍ਰੀ ਮਹਿੰਦਰ ਸਿੰਘ ਕੇ.ਪੀ,ਚੌ. ਜਗਜੀਤ ਸਿੰਘ, ਸ਼੍ਰੀ ਮਤੀ ਸੰਤੋਸ਼ ਚੌਧਰੀ, ਸ਼੍ਰੀ ਰਾਮ ਲੁਭਾਇਆ, ਸ਼੍ਰੀ ਅਵਤਾਰ ਹੈਨਰੀ, ਸ਼੍ਰੀ ਦੇਸ ਰਾਜ ਧੁੱਗਾ, ਸ਼੍ਰੀ ਸਰਬਜੀਤ ਮੱਕੜ, ਸ਼੍ਰੀ ਮਤੀ ਗੁਰਕੰਵਲ ਕੌਰ,ਸ੍ਰ.ਅਜੀਤ ਸਿੰਘ ਕੋਹਾੜ੍ਹ,ਚੌ.ਸੰਤੋਖ ਸਿੰਘ ,ਸ਼੍ਰੀ ਦਰਸ਼ਨ ਲਾਲ ਜੇਠੂ ਮਾਜਰਾ, ਸ੍ਰ. ਸਰਵਣ ਸਿੰਘ ਫਿਲੌਰ, ਸ਼੍ਰੀ ਸਤਨਾਮ ਸਿੰਘ ਕੈਂਥ,ਸ਼੍ਰੀ ਸੁਰਿੰਦਰ ਮਹੇ, ਚੌ.ਬਿਕਰਮ ਸਿੰਘ, ਸ਼੍ਰੀ ਸੰਗਤ ਸਿੰਘ ਗਿਲਜੀਆਂ,ਸ਼੍ਰੀ ਮਲਕੀਤ ਸਿੰਘ ਦਾਖਾ, ਸ਼੍ਰੀ ਗੁਰਬਿੰਦਰ ਸਿੰਘ ਅਟਵਾਲ, ਸ਼੍ਰੀ ਅਵਤਾਰ ਸਿੰਘ ਕਰੀਮਪੁਰੀ, ਸ਼੍ਰੀ ਹਰਭਜਨ ਲਾਖਾ, ਸ਼੍ਰੀ ਅਵਿਨਾਸ਼ ਚੰਦਰ, ਪਵਨ ਟੀਨੂ ਤੋਂ ਇਲਾਵਾ ਕਰੀਬ 4 ਲੱਖ ਸੰਗਤਾਂ ਸ਼ਰਧਾਜਲੀ ਲਈ ਅੰਤਿਮ ਸੰਸਕਾਰ ਵਿੱਚ ਸ਼ਾਮਿਲ ਹੋਈਆਂ ਜਿਨ੍ਹਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਚੈਰੀਟੇਬਲ ਟਰੱਸਟ,ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕਠਾਰ, ਸੰਤ ਸਰਵਣ ਦਾਸ ਟਰੱਸਟ ਯੂ.ਕੇ, ਸੰਤ ਸਰਵਣ ਦਾਸ ਟਰੱਸਟ ਕੈਨੇਡਾ,ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਅਮਰੀਕਾ, ਬੇਗਮਪੁਰਾ ਸ਼ਹਿਰ ਪੱਤ੍ਰਿਕਾ ਟਰੱਸਟ, ਸ਼੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਪੰਜਾਬ ਦੇ ਮੈਂਬਰ ਵੀ ਅੰਤਿਮ ਦਰਸ਼ਨਾਂ ਲਈ ਪਹੁੰਚੇ, ਇਸ ਤੋਂ ਇਲਾਵਾ ਸ਼੍ਰੀ ਗੁਰੂ ਰਵਿਦਾਸ ਸਭਾਵਾਂ,ਮਹਾਂਰਿਸ਼ੀ ਵਾਲਮੀਕ ਸਭਾਵਾਂ ਤੇ ਡਾ.ਅੰਬੇਡਕਰ ਸਭਾਵਾਂ ਦੇ ਮੈਂਬਰ ਵੀ ਅੰਤਮ ਦਰਸ਼ਨਾਂ ਲਈ ਪਹੁੰਚੇ ਅਤੇ ਦੇਸ਼ ਵਿਦੇਸ਼ ਦੀਆ ਸਵੈ-ਸੇਵੀ ਸੰਸਥਾਵਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵਲੋਂ ਸ਼ਰਧਾਜਲੀਆਂ ਭੇਂਟ ਕੀਤੀਆਂ ਗਈਆਂ ਦਲਿਤ ਵਾਇਸ ਦੇ ਮੁੱਖ ਸੰਪਾਦਕ ਸ਼੍ਰੀ ਵੀ.ਟੀ.ਰਾਜਸ਼ੇਖ਼ਰ , ਕੁਮਾਰੀ ਸੈਲਜਾ ਕੇਂਦਰੀ ਮੰਤਰੀ ਭਾਰਤ ਸਰਕਾਰ ਨੇ ਵੀ ਲਿਖਤੀ ਸ਼ੰਦੇਸ਼ ਰਾਹੀਂ ਸ਼ਰਧਾਜਲੀ ਭੇਂਟ ਕੀਤੀ।

ਇਸ ਦੁੱਖਦਾਈ ਘਟਨਾ ਤੇ ਵੱਖ ਵੱਖ ਸਮਾਚਾਰ ਪੱਤਰਾਂ ਇਲੈਕਟ੍ਰੌਨਿਕ ਮੀਡੀਆ, ਬੁੱਧੀ ਜੀਵੀ ਲੋਕਾਂ ਜਿੰਮੇਵਾਰ ਅਹੁਦਿਆਂ ਤੇ ਬਿਰਾਜਮਾਨ ਮਹਾਨ ਸ਼ਖ਼ਸੀਅਤਾਂ ਅਤੇ ਉੱਚਕੋਟੀ ਦੇ ਵਿਦਵਾਨਾਂ ਤੇ ਗੀਤਕਾਰ ਭਾਈਚਾਰੇ ਵਲੋਂ ਆਪਣੇ ਵੱਡਮੁੱਲੇ ਸੁਝਾਅ ਅਤੇ ਵਿਚਾਰ ਲਿਖੇ ਅਤੇ ਸਮੂਹ ਭਾਈਚਾਰੇ ਨਾਲ ਦੁੱਖ ਸਾਂਝਾ ਕੀਤਾ।

ਸੰਤ ਰਾਮਾ ਨੰਦ ਜੀ ਨੇ ਆਪਣੇ ਜੀਵਨ ਕਾਲ ਵਿਚ ਡੇਰਾ ਸੱਚਖੰਡ ਬੱਲਾਂ ਦੇ ਉਹਨਾਂ ਪਰਉਪਕਾਰੀ ਮਹਾਂਪੁਰਸ਼ਾਂ ਦਾ ਉਹ ਸੁਪਨਾ ਪੂਰਾ ਕੀਤਾ ਜਿਸਨੂੰ ਸੰਤ ਮਹਾਂਪੁਰਸ਼ ਦੇਰ ਤੋਂ ਚਾਹੁੰਦੇ ਸਨ।ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਪਵਿੱਤਰ ਬਾਣੀ ਦੀ ਖੋਜ ਜੋ ਵੱਖ ਵੱਖ ਵਿਦਵਾਨਾਂ ਤੇ ਵੱਖ-ਵੱਖ ਯੂਨੀਵਰਸਿਟੀਆਂ ਨੇ ਕੀਤੀ ਸੀ ਅਤੇ ਕਈ ਰਾਜਾਂ ਤੋਂ ਪ੍ਰਾਪਤ ਕੀਤੀ ਸੀ।ਇਹ ਪਾਵਨ ਬਾਣੀ ਸੰਤ ਰਾਮਾ ਨੰਦ ਜੀ ਅਤੇ ਡੇਰੇ ਦੇ ਮਹਾਂਪੁਰਸ਼ਾਂ ਦੇ ਸਹਿਯੋਗ ਸਦਕਾ ਵਿਦਵਾਨਾਂ ਵੱਲੋਂ ਨਵੰਬਰ 2003 ਨੂੰ ਸੰਤ ਰਾਮਾ ਨੰਦ ਜੀ ਅਤੇ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ (ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ) ਨੂੰ ਚੰਡੀਗੜ੍ਹ ਵਿਖੇ ਸੌਂਪੀ ਗਈ ਜਿਸਨੂੰ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਕਰਕੇ ਡੇਰਾ ਸੱਚਖੰਡ ਬੱਲਾਂ ਵਿਖੇ ਸ਼ੋਭਾ ਯਾਤਰਾ ਰਾਹੀਂ ਲਿਆਦਾਂ ਗਿਆ।ਜਿਸ ਦਾ ਥਾਂ-ਥਾਂ ਸਵਾਗਤ ਕੀਤਾ ਗਿਆ।ਰਸਤੇ ਵਿਚ ਥਾਂ-ਥਾਂ ਸੰਗਤਾਂ ਵੱਲੋਂ ਚਾਹ ਪਾਣੀ, ਫਰੂਟ, ਭੋਜਨ ਦੇ

ਲੰਗਰ ਲਗਾਏ ਗਏ ਸਨ।ਸ਼੍ਰੀ 108 ਸੰਤ ਰਾਮਾ ਨੰਦ ਜੀ ਨੇ ਇੱਕ ਪੁਸਤਕ ਹਿੰਦੀ ਭਾਸ਼ਾ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ 2008 ਵਿਚ ਤਿਆਰ ਕਰਵਾਈ ਜਿਸ ਵਿਚ 149 ਸ਼ਬਦ ਅਤੇ 194 ਦੋਹੇ ਹਨ ਇਸ ਉਪਰੰਤ ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਸੰਤ ਸਮਾਜ ਦੇ ਸਹਿਯੋਗ ਨਾਲ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਪਾਵਨ ਗ੍ਰੰਥ ਤਿਆਰ ਕਰਵਾਇਆ ਜਿਸ ਵਿਚ 140 ਸ਼ਬਦ, 231 ਸਲੋਕ ਸ਼ਾਮਿਲ ਕੀਤੇ ਗਏ 40 ਪਦੇ,ਪੈਂਤੀ ਅੱਖਰੀ,ਬਾਣੀ ਹਫ਼ਤਾਵਰੀ,ਪੰਦਰਾਂ ਤਿਥੀ,ਵਿਆਹ ਦੀ ਵਿਧੀ,ਬਾਰ੍ਹਾ ਮਾਂਹ ਉਪਦੇਸ਼ ਸ਼੍ਰੀ 108 ਸੰਤ ਖਜ਼ਾਨ ਗਿਰ ਜੀ ਪਠਾਨਕੋਟ ਵਾਲੇ ਅਤੇ ਸ਼੍ਰੀ 108 ਸੰਤ ਬੈਰਾਗ ਦਾਸ ਜੀ ਭੂਸ਼ਨਪੁਰ ਵਾਲਿਆਂ ਅਤੇ ਵੱਖ ਵੱਖ ਗ੍ਰੰਥਾਂ ਤੋਂ ਪ੍ਰਾਪਤ ਕੀਤੇ।ਇਸ ਪ੍ਰਕਾਰ ਇਹ ਗ੍ਰੰਥ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਯਤਨਾਂ ਸਦਕਾ ਤਿਆਰ ਕੀਤਾ ਗਿਆ।

ਵਿਆਨਾ ਕਾਂਡ ਨਾਲ ਭਟਕੀ ਹੋਈ ਵਿਸ਼ਵ ਦੀ ਸੰਗਤ ਨੂੰ ਸ਼ਾਤ ਕਰਨ ਲਈ ਡੇਰੇ ਦੇ ਮਹਾਂਪੁਰਸ਼ਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਂ ਦੀ ਹਕੂਮਤ ਵਲੋਂ ਟੀ.ਵੀ ,ਅਖ਼ਬਾਰਾਂ ਰਾਹੀਂ ਅਪੀਲਾਂ ਕੀਤੀਆਂ ਜਾ ਰਹੀਆਂ ਸਨ ਪਰ ਫਿਰ ਵੀ ਆਮ ਜਨਤਾ, ਸੰਗਤ ਦਾ ਗੁੱਸਾ ਠੰਡਾ ਨਹੀਂ ਸੀ ਪੈ ਰਿਹਾ ।ਪੰਜਾਬ ਸਰਕਾਰ ਵਲੋਂ ਸਰਬ ਪਾਰਟੀ ਮੀਟਿੰਗ ਬੁਲਾਈ ਗਈ ਜਿਸ ਵਿੱਚ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਹਿੱਸਾ ਲਿਆ ਅਤੇ ਇਸ ਹਿੰਸਾ ਦੀ ਨਿੰਦਾ ਕੀਤੀ। ਆਪਣੇ ਧਰਮ ਗੁਰੂਆਂ ਤੇ ਹੋਏ ਹਮਲੇ ਨੂੰ ਸਮੁੱਚੀ ਰਵਿਦਾਸੀਆਂ ਕੌਮ ਤੇ ਹੋਇਆ ਹਮਲਾ ਸਮਝਿਆ ਜਾ ਰਿਹਾ ਸੀ । ਸੰਗਤਾਂ ਰੋ-ਕੁਰਲਾ ਰਹੀਆਂ ਸਨ। ਇਸ ਦੁੱਖਦਾਇਕ ਘੜੀ ਵਿੱਚ ਕੁਝ ਸ਼ਰਾਰਤੀ ਅਨਸਰਾਂ ਨੇ ਇਸ ਦਾ ਨਜਾਇਜ਼ ਫਾਇਦਾ ਉਠਾਉਂਦੇ ਹੋਏ ਭੰਨ-ਤੋੜ ਕੀਤੀ, ਸਰਕਾਰੀ ਗੈਰ ਸਰਕਾਰੀ ਸੰਪ੍ਰਤੀਆਂ ਦਾ ਨੁਕਸਾਨ ਵੀ ਕੀਤਾ ਤਾਂ ਕਿ ਰਵਿਦਾਸੀਆ ਸਮਾਜ ਅਤੇ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨੂੰ ਬਦਨਾਮ ਕੀਤਾ ਜਾਵੇ। ਲੋਕਤੰਤਰੀ ਢਾਂਚੇ ਵਿੱਚ ਆਪਣਾ ਦੁੱਖ ਜ਼ਾਹਿਰ ਕਰਦੇ ਹੋਏ ਲੋਕਾਂ ਤੇ ਨਜਾਇਜ਼ ਪਰਚੇ ਦਰਜ ਕੀਤੇ ਗਏ। ਕੌਮ ਦੀ ਆਵਾਜ਼ ਨੂੰ ਦਬਾਉਣ ਦੀ ਅਤੇ ਖੇਰੂੰ ਖੇਰੂੰ ਕਰਨ ਦੇ ਕੋਝੇ ਯਤਨ ਕੀਤੇ ਗਏ ਪ੍ਰੰਤੂ ਜਦੋਂ ਕਿਸੇ ਚਿੰਗਾਰੀ ਨੂੰ ਦਬਾ ਦਿੱਤਾ ਜਾਵੇ ਤਾਂ ਉਹ ਭਾਂਬੜ ਬਣ ਕੇ ਮਚਦੀ ਹੈ। ਕੁਝ ਅਜਿਹਾ ਹੀ ਹੋਇਆ ਆਜ਼ਾਦ ਭਾਰਤ ਦੇ ਲੋਕਾਂ ਨੇ ਆਪਣੇ ਆਪ ਨੂੰ ਗੁਲਾਮ ਮਹਿਸੂਸ ਕੀਤਾ ਅਜਿਹੀ ਘੜੀ ਵਿੱਚ ਰਵਿਦਾਸੀਆ ਸਮਾਜ ਜਾਗਿਆ, ਇਹਨਾਂ ਵਿੱਚ ਚੇਤਨਤਾ ਆਈ, ਸਤਿਗੁਰੂ ਜੀ ਦੀ ਬਾਣੀ ਨੇ ਇਨ੍ਹਾਂ ਨੂੰ ਹਲੂਣਿਆ। ਇਹ ਰੋਸ ਪ੍ਰਦਰਸ਼ਨ ਭਾਰਤ ਦੇ ਕੋਨੇ ਕੋਨੇ ਅਤੇ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿੱਚ ਸੰਗਤਾਂ ਨੇ ਕੀਤਾ ਵਿਸ਼ਵ ਭਰ ਵਿੱਚ ਜਗਤਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਪ੍ਰਾਧੀਨਤਾ ਤੋਂ ਮੁਕਤ ਹੋਣ ਲਈ ਵਿਸ਼ਵ ਪੱਧਰ ਤੇ ਪਹਿਚਾਣ ਲਈ ਮੰਗ ਕਰਨ ਲੱਗੀਆਂ।

# ਰਵਿਦਾਸੀਆ ਧਰਮ ਦੇ ਚਾਰ ਸ਼ਹੀਦ

ਰਵਿਦਾਸੀਆ ਧਰਮ ਦੇ ਚਾਰ ਮਹਾਨ ਸ਼ਹੀਦਾਂ ਦਾ ਸੰਖੇਪ ਜੀਵਨ ਅੰਤਰ-ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) ਵਲੋਂ ਪ੍ਰਕਾਸ਼ਿਤ ਲੇਖਕ ਸ਼੍ਰੀ ਰਾਜੇਸ਼ ਕੈਂਥ ਭਬਿਆਣਵੀ ਦੀ ਲਿਖਤ ਪੁਸਤਕ 'ਚਮਾਰ ਜਾਤੀ ਇਤਿਹਾਸ ,ਧਰਮ ਤੇ ਸੱਭਿਆਚਾਰ' ਤੋਂ ਸਤਿਕਾਰ ਸਾਹਿਤ ਪੇਸ਼ ਕਰ ਰਹੇ ਹਾਂ।

## ਸ਼ਹੀਦ ਸ਼੍ਰੀ ਵਿਜੈ ਕੁਮਾਰ ਜੀ

ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਨੇ ਰਵਿਦਾਸੀਆ ਸਮਾਜ ਨੂੰ ਹਿਲਾ ਕੇ ਰੱਖ ਦਿੱਤਾ। ਉਹ ਸਾਡੀ ਕੌਮ ਦੇ ਮਹਾਨ ਸੰਤ ਸਨ। ਜੋ ਸਮਾਜ ਨੂੰ ਸਹੀਂ ਸੇਧ ਦੇ ਰਹੇ ਸਨ ਅਤੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦਾ ਪਾਠ ਪੜ੍ਹਾ ਰਹੇ ਸਨ ਪਰ ਕੁਝ ਕੱਟੜਪੰਥੀ ਲੋਕਾਂ ਨੂੰ ਰਾਸ ਨਾ ਆਇਆ। ਉਹਨਾਂ ਦੀ ਸ਼ਹਾਦਤ ਉੱਪਰ ਸ਼ਾਤ-ਮਈ ਰੋਸ ਕਰਦੇ ਰਵਿਦਾਸੀਆ ਬੱਬਰ ਸ਼ੇਰਾਂ ਨੂੰ ਸਮੇਂ ਦੀ ਧੱਕੇ ਸ਼ਾਹੀ ਦਾ ਸ਼ਿਕਾਰ ਹੋਣਾ ਪਿਆ। ਆਪਣੀਆਂ ਸ਼ਹੀਦੀਆਂ ਦੇਣੀਆਂ ਪਈਆਂ ਜਿਨ੍ਹਾਂ ਵਿਚ ਇਕ ਸ਼ਹੀਦ ਵਿਜੈ ਕੁਮਾਰ ਜੀ ਸਨ।

ਜਿਹਨਾਂ ਦਾ ਜਨਮ 13 ਦਸੰਬਰ 1993 ਨੂੰ ਮਹੱਲਾ ਖੂਹਵਾਲਾ, ਪਿੰਡ ਢਿਲਵਾ,ਡਾਕ. ਦਕੋਹਾ, ਜ਼ਿਲ੍ਹਾ ਜਲੰਧਰ ਵਿਖੇ ਮਾਤਾ ਅਲਕਾ ਜੀ ਦੀ ਕੁੱਖੋਂ ਪਿਤਾ ਸ਼੍ਰੀ ਜਸਪਾਲ ਦੇ ਘਰ ਹੋਇਆ। ਵਿਜੈ ਕੁਮਾਰ ਜੀ ਤਿੰਨ ਭੈਣਾ ਦਾ ਇੱਕਲਾ ਵੀਰ ਸੀ। ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਮੁਢਲੀ ਪੜ੍ਹਾਈ ਕੀਤੀ ਅਤੇ ਨੇੜੇ ਦੇ ਪਿੰਡ ਪੂਰਨਪੁਰ ਦੇ ਸਰਕਾਰੀ ਹਾਈ ਸਕੂਲ ਵਿਚ ਛੇਵੀਂ ਜਮਾਤ ਵਿਚ ਦਾਖਲਾ ਲੈ ਲਿਆ। ਉਸ ਨੇ ਨੌਵੀਂ ਪਾਸ ਕਰ ਕੇ ਦਸਵੀਂ ਵਿਚ ਦਾਖਲਾ ਲੈ ਲਿਆ ਸੀ। ਉਹ ਡੇਰਾ ਸੱਚ ਖੰਡ ਬੱਲਾਂ ਦਾ ਸ਼ਰਧਾਲੂ ਸੀ। ਮਹਾਂਪੁਰਸ਼ਾਂ ਨੂੰ ਪਿਆਰ ਕਰਦਾ ਸੀ। ਪਿੰਡ ਵਿਚ ਜ਼ਬਰਦਸਤ ਪ੍ਰਦਰਸ਼ਨ ਹੋ ਰਿਹਾ ਸੀ ਜਿਸ ਦੌਰਾਣ ਇਕ ਸਿੱਧੀ ਗੋਲੀ ਵਿਜੈ ਕੁਮਾਰ ਦੇ ਗੋਡੇ ਵਿਚ ਲੱਗੀ। 3-4 ਹਸਪਤਾਲਾਂ ਨੇ ਮੁੱਢਲੀ ਸਹਾਇਤਾ ਦੇਣ ਤੋਂ ਇਨਕਾਰ ਕਰ ਦਿੱਤਾ ਫਿਰ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਪਰ ਉਹ 25 ਮਈ ਨੂੰ ਸ਼ਹੀਦ ਹੋ ਗਏ ਅਤੇ 26 ਮਈ 2009 ਨੂੰ ਉਹਨਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

## ਸ਼ਹੀਦ ਸ਼੍ਰੀ ਤੇਲੂ ਰਾਮ ਜੀ

7 ਫਰਵਰੀ 1940 ਨੂੰ ਮਾਤਾ ਬੰਤੀ ਦੀ ਕੁੱਖੋਂ ਅਤੇ ਪਿਤਾ ਢੇਰੂ ਦੇ ਘਰ ਪਿੰਡ ਹੁਸੈਨਪੁਰ ਡਾਕ ਕਲਿਆਣਪੁਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਆਪ ਡੇਰਾ ਬੱਲਾਂ ਦੇ ਸ਼ਰਧਾਲੂ ਸੀ ਉਸਦੇ ਘਰ ਜਦੋਂ ਹਮਲੇ ਦੀ ਖ਼ਬਰ ਆਈ ਤਾਂ ਉਸਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ । 25 ਮਈ 2009 ਨੂੰ ਲਾਂਬੜੇ ਚੌਂਕ ਵਿਚ ਹਜ਼ਾਰਾਂ ਲੋਕ ਇਕੱਠੇ ਹੋਏ ਤੇ ਦਰੀਆਂ ਵਿਛਾ ਕੇ ਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਕਰਨ ਲੱਗੇ ਪੁਲਿਸ ਵਲੋਂ ਲੋਕਾਂ ਉੱਪਰ ਹਵਾਈ ਫ਼ਾਈਰਿੰਗ ਕੀਤੀ ਗਈ ਜਿਸ ਵਿਚ ਮੌਕੇ ਤੇ ਸ਼੍ਰੀ ਤੇਲੂ ਰਾਮ ਦੀ ਛਾਤੀ ਵਿੱਚੋਂ ਗੋਲ਼ੀ ਨਿਕਲ ਗਈ। 25 ਮਈ 2009 ਨੂੰ ਉਹ ਸ਼ਹੀਦ ਹੋ ਗਏ। ਉਹਨਾਂ ਦਾ

ਅੰਤਿਮ ਸੰਸਕਾਰ 26 ਮਈ 2009 ਨੂੰ ਕਰ ਦਿੱਤਾ ਗਿਆ।

## ਸ਼ਹੀਦ ਸ਼੍ਰੀ ਬਲਕਾਰ ਸਿਘ ਜੀ

ਸ਼ਹੀਦ ਸ਼੍ਰੀ ਬਲਕਾਰ ਦਾ ਜਨਮ 13 ਜਨਵਰੀ 1980 ਪਿੰਡ ਖੋਖੜ ਦਵਾਖੜੀ ਡਾਕ ਖੁੱਡਾ ਤਹਿ. ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਾਤਾ ਮਨਜੀਤ ਕੌਰ ਪਿਤਾ ਗੁਰਦਾਸ ਰਾਮ ਜੀ ਦੇ ਘਰ ਹੋਇਆ। ਬਲਕਾਰ ਸਿੰਘ ਜੀ ਚਾਰ ਭਰਾ ਅਤੇ ਦੋ ਭੈਣਾਂ ਸਨ। ਬਲਕਾਰ ਸਭ ਤੋਂ ਛੋਟਾ ਸੀ। ਉਸ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ 6ਵੀਂ ਕਲਾਸ ਸਰਕਾਰੀ ਹਾਈ ਸਕੂਲ ਖੁਣਕਲਾ 'ਚ ਦਾਖਲਾ ਲੈ ਲਿਆ। ਉਸ ਦਾ ਮਨ ਪੜ੍ਹਾਈ ਵਿਚ ਨਾ ਲੱਗਾ। ਸਕੂਲ ਤੋਂ ਹੱਟ ਗਿਆ ਤੇ ਉਸ ਨੇ ਡੀਜ਼ਲ ਮਕੈਨਿਕ ਦਾ ਕੰਮ ਸਿੱਖ ਲਿਆ। ਉਹ ਚੰਗੀ ਕਮਾਈ ਕਰਨ ਲੱਗਾ ਅਤੇ ਪਰਿਵਾਰ ਵਾਲਿਆਂ ਨੇ 11 ਅਪ੍ਰੈਲ 2008 ਵਿਚ ਉਸਦਾ ਵਿਆਹ ਸਤਵਿੰਦਰ ਕੌਰ ਨਾਲ ਕਰ ਦਿੱਤਾ। ਬਲਕਾਰ ਸਿੰਘ ਸਤਿਸੰਗੀ ਬੰਦਾ ਸੀ। ਹਰ ਛੁੱਟੀ ਵਾਲੇ ਦਿਨ ਉਹ ਸਤਿਸੰਗ ਸੁਣਦਾ ਅਤੇ ਸੇਵਾ ਕਰਦਾ ਉਹ ਜਦੋਂ 25 ਮਈ ਨੂੰ ਸਵੇਰੇ ਕੰਮ ਲਈ ਜਲੰਧਰ ਆਇਆ ਤਾਂ ਰਸਤੇ ਵਿਚ ਗੱਡੀ ਰੁਕ ਗਈ। ਬਲਕਾਰ ਸਿੰਘ ਨੂੰ ਪਿਆਸ ਲੱਗੀ ਸੀ ਉਹ ਪਾਣੀ ਪੀਣ ਲਈ ਟੂਟੀ ਵਲ ਗਿਆ ਤਾਂ ਪਾਣੀ ਪੀਂਦੇ ਦੇ ਲੱਕ ਵਿਚ ਗੋਲੀ ਲੱਗ ਗਈ। ਉੱਥੇ ਸ਼ੋਰ ਸ਼ਰਾਬਾ ਫੈਲ ਗਿਆ। ਜਦੋਂ ਖ਼ਬਰ ਪਰਿਵਾਰ ਨੂੰ ਮਿਲੀ ਤਾਂ ਪੂਰੇ ਪਿੰਡ ਵਿੱਚ ਸਨਾਟਾ ਛਾ ਗਿਆ ਬਲਕਾਰ ਸਿਘ 9 ਦਿਨ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਦਾ ਹੋਇਆ 2 ਜੂਨ 2009 ਨੂੰ ਸ਼ਹੀਦ ਹੋ ਗਿਆ। ਉਸ ਦਾ ਸੰਸਕਾਰ ਸੁਰੱਖਿਆ ਪ੍ਰਬੰਧ ਵਿੱਚ ਕੀਤਾ ਗਿਆ ਸੀ।

## ਸ਼ਹੀਦ ਸ਼੍ਰੀ ਰਜਿੰਦਰ ਕੁਮਾਰ ਜੀ

ਸ਼ਹੀਦ ਰਜਿੰਦਰ ਕੁਮਾਰ ਜੀ ਦਾ ਜਨਮ 29 ਅਗਸਤ 1984 ਨੂੰ ਪਿੰਡ ਰਾਮਗੜ੍ਹ, ਡਾਕਖਾਨਾ ਫਿਲੌਰ, ਤਹਿ: ਫਿਲੌਰ, ਜਲੰਧਰ ਵਿਚ ਹੋਇਆ ਆਪ ਜੀ ਦੇ ਤਿੰਨ ਭਰਾ ਅਤੇ ਇਕ ਭੈਣ ਸੀ। ਆਪ ਜੀ ਦੇ ਪਿਤਾ ਖੇਤੀਬਾੜੀ ਦਾ ਕੰਮ ਕਰਦੇ ਸੀ। ਸ਼੍ਰੀ ਰਜਿੰਦਰ ਕੁਮਾਰ ਨੇ 8 ਤੱਕ ਪੜ੍ਹਾਈ ਕੀਤੀ ਸੀ ਤੇ ਪੜ੍ਹਾਈ ਛੱਡ ਕੇ ਜਨਰੇਟਰ ਦਾ ਕੰਮ ਸਿੱਖ ਲਿਆ ਉਹ ਹੱਥੀਂ ਮਿਹਨਤ ਉੱਪਰ ਨਿਰਭਰ ਸੀ। ਉਸ ਨੇ ਵਿਦੇਸ਼ ਵਾਸਤੇ ਇਟਲੀ ਦੇ ਪੇਪਰ ਭਰੇ ਹੋਏ ਸੀ ਜੋ ਨਿਕਲ ਆਏ ਸਨ। ਉਸ ਦਾ ਵਿਆਹ 19-1-05 ਨੂੰ ਕਾਂਤਾ ਰਾਣੀ ਨਾਲ ਹੋਇਆ ਰਜਿੰਦਰ ਕੁਮਾਰ ਆਪਣੇ ਮੁੰਡੇ ਦੇ ਲੱਡੂ ਵੰਡ ਰਿਹਾ ਸੀ। ਉਹ 24 ਮਈ ਨੂੰ ਆਪਣੇ ਸੁਹਰਿਆਂ ਦੇ ਪਿੰਡ ਸੰਸਲੀ ਗਿਆ ਸੀ। 24 ਮਈ ਨੂੰ ਉਸ ਨੂੰ ਖ਼ਬਰ ਮਿਲੀ ਸੀ ਕਿ ਬੱਲਾਂ ਵਾਲੇ ਸੰਤਾਂ ਤੇ ਹਮਲਾ ਹੋ ਗਿਆ ਤਾਂ ਉਹ ਧੁਰ ਅੰਦਰ ਹਿਲ ਗਿਆ ਕਿਉਂਕਿ ਉਹ ਬੱਲਾ ਵਾਲੇ ਸੰਤਾਂ ਦਾ ਸ਼ਰਧਾਲੂ ਸੀ। 25 ਮਈ ਨੂੰ ਉਹ ਰਾਮਗੜ੍ਹ ਬਾਈਪਾਸ ਤੇ ਧਰਨਾ ਦੇ ਰਿਹਾ ਸੀ। ਪੁਲਿਸ ਨੇ ਉਹਨਾਂ ਉੱਪਰ ਅੰਨੇ ਵਾਹ ਲਾਠੀ ਚਾਰਜ ਕੀਤਾ ਤੇ ਹਵਾਈ ਫਾਈਰਿੰਗ ਵੀ ਕੀਤੀ। ਇਸ ਦੌਰਾਨ ਇਕ ਗੋਲੀ ਰਜਿੰਦਰ ਦੇ ਮੋਢੇ ਤੇ ਲੱਗੀ ਉਹ ਗੁਰੂ ਰਵਿਦਾਸ ਦੇ ਜੈਕਾਰੇ ਲਾਉਂਦਾ ਰਿਹਾ.........। ਕਾਫ਼ੀ ਜੱਦੋ ਜਹਿਦ ਮਗਰੋਂ ਵੀ ਉਸ ਦੀ ਜਾਨ ਨਹੀਂ ਬਚੀ। 25 ਮਈ 2009 ਨੂੰ ਸਮਾਜ ਲਈ ਆਪਣੇ ਗੁਰੂ ਲਈ ਸ਼ਹੀਦੀ ਪਾ ਗਿਆ। ਉਸ ਦਾ 26 ਮਈ ਨੂੰ ਸੰਸਕਾਰ ਕੀਤਾ ਗਿਆ।

## ਕਲਸ਼ ਯਾਤਰਾ

ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਪਾਵਨ ਦੇਹ ਦੇ ਅੰਤਿਮ ਦਰਸ਼ਨ ਸਮੂਹ ਸੰਗਤਾਂ ਨੇ 4 ਜੂਨ 2009 ਨੂੰ ਕੀਤੇ। ਇਸ ਦੁੱਖਦਾਈ ਸਮੇਂ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਦੇਸ਼-ਵਿਦੇਸ਼ ਤੋਂ ਡੇਰੇ ਪਹੁੰਚੀਆਂ ਹੋਈਆਂ ਸਨ।ਸੰਗਤਾਂ ਦੇ ਮਨ ਜਿਥੇ ਦੁਖੀ ਸਨ ਉਥੇ ਸੰਗਤਾਂ ਵਿੱਚ ਭਾਰੀ ਗਿਣਤੀ ਵਿੱਚ ਵਿਦਰੋਹ ਦੀ ਭਾਵਨਾ ਸੀ। ਮਿਤੀ 7-6-2009 ਨੂੰ ਗੱਡੀਆਂ ਦੇ ਬਹੁਤ ਵੱਡੇ ਕਾਫ਼ਲੇ ਨਾਲ ਮਹਾਰਾਜ ਜੀ ਦੀ ਕਲਸ਼ ਯਾਤਰਾ ਡੇਰੇ ਤੋਂ ਪ੍ਰਾਰੰਭ ਹੋਈ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਅਤੇ ਹੋਰ ਮਹਾਂਪੁਰਸ਼ਾਂ ਦੀ ਹਾਜ਼ਰੀ ਵਿੱਚ ਸੰਗਤ ਡੇਰੇ ਤੋਂ ਹਰਿਦੁਵਾਰ ਲਈ ਰਵਾਨਾ ਹੋਈ। ਫੁੱਲਾਂ ਨਾਲ ਸਜਾਈ ਪਾਲਕੀ ਵਿੱਚ ਸੰਤ ਰਾਮਾਨੰਦ ਜੀ ਦੀਆਂ ਪਾਵਨ ਅਸਥੀਆਂ ਸੁਸ਼ੋਭਿਤ ਸਨ ਜਿਨ੍ਹਾਂ ਦੇ ਦਰਸ਼ਨ ਕਰਨ ਲਈ ਰਾਸਤੇ ਵਿੱਚ ਨੂਰਪੁਰ, ਸੁੱਚੀ ਪਿੰਡ, ਸੰਤ ਕ੍ਰਿਸ਼ਨ ਨਾਥ ਚਹੇੜੂ,ਫਗਵਾੜਾ,ਗੁਰਾਇਆਂ, ਪਾਲਕੀ ਸੰਤ ਰੂੜਾ ਰਾਮ ਜੀ ਦੀ ਸਰਪ੍ਰਸਤੀ ਹੇਠ ਫਿਲੌਰ ਦੀਆਂ ਸੰਗਤਾਂ,ਖੜ੍ਹੀਆਂ ਸਨ। ਲੁਧਿਆਣਾ, ਅੰਬਾਲਾ, ਸਿਰਸਗੜ੍ਹ, ਜਗਾਧਰੀ, ਸਹਾਰਨਪੁਰ, ਛੋਟੇਮਲਪੁਰ ਤੋਂ ਹੁੰਦੀ ਹੋਈ ਹਰਿਦੁਆਰ ਵਿਖੇ ਪਹੁੰਚੀ।

ਸੰਤ ਸੁਰਿੰਦਰ ਦਾਸ ਬਾਵਾ ਜੀਅਤੇ ਡੇਰੇ ਦੇ ਹੋਰ ਮਹਾਪੁਰਸ਼ਾਂ ਨੇ ਭਾਰੀ ਗਿਣਤੀ ਵਿੱਚ ਮੋਜੂਦ ਸੰਗਤਾਂ ਦੀ ਹਾਜ਼ਰੀ ਵਿੱਚ ਅਰਦਾਸ ਕੀਤੀ।ਉਪਰੰਤ ਅਸਥੀਆਂ ਜਲ ਪ੍ਰਵਾਹ ਕੀਤੀਆਂ ਗਈਆਂ।ਇਥੇ ਵਰਨਣਯੋਗ ਹੈ ਕਿ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਸਿਹਤਯਾਬ ਨਾ ਹੋਣ ਕਾਰਣ ਕਲਸ਼ ਯਾਤਰਾ ਵਿੱਚ ਸ਼ਾਮਿਲ ਨਹੀਂ ਸਨ।

## ਰਵਿਦਾਸੀਆ ਧਰਮ ਦਾ ਐਲਾਨ

**ਪਰਾਧੀਨਤਾ ਪਾਪ ਹੈ ਜਾਨੁ ਲੇਹੁ ਰੇ ਮੀਤ।**
**ਰਵਿਦਾਸ ਦਾਸ ਪਰਾਧੀਨ ਸੋ ਕੌਨ ਕਰੈ ਹੈ ਪ੍ਰੀਤ॥**
**ਪਰਾਧੀਨ ਕੋ ਦੀਨ ਕਯਾ ਪਰਾਧੀਨ ਬੇ-ਦੀਨ।**
**ਰਵਿਦਾਸ ਦਾਸ ਪਰਾਧੀਨ ਕੋ ਸਭ ਹੀ ਸਮਝੈ ਹੀਨ।**

ਜਿਸ ਦਾ ਨਤੀਜਾ ਇਹ ਹੋਇਆ ਕਿ ਡੇਰਾ ਸੱਚ ਖੰਡ ਬੱਲਾਂ ਦੇ ਮਹਾਂਪੁਰਸ਼ਾਂ ਨੇ ਆਪਣੇ ਪੂਰਬਲੇ ਮਹਾਂਪੁਰਸ਼ਾਂ ਅਤੇ ਵਿਸ਼ੇਸ਼ ਤੌਰ ਤੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੇ ਉਸ ਸੁਪਨੇ ਨੂੰ ਸਾਕਾਰ ਕਰਨ ਲਈ ਇੱਕ ਐਲਾਨਨਾਮਾ ਮਿਤੀ 30 ਜਨਵਰੀ 2010 (ਮਾਘ ਦੀ ਪੁੰਨਿਆ) ਦੇ ਇਤਿਹਾਸਕ ਦਿਹਾੜੇ ਤੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਮੰਦਰ ਸੀਰ ਗਵਰਧਨਪੁਰ ਬਨਾਰਸ ਤੋਂ ਲੱਖਾਂ ਦੀ ਗਿਣਤੀ ਵਿੱਚ ਦੇਸ਼ ਵਿਦੇਸ਼ ਦੀ ਸੰਗਤਾਂ ਦੀ ਹਾਜ਼ਰੀ ਅਤੇ ਭਾਰੀ ਗਿਣਤੀ ਵਿਚ ਸੰਤ ਸਮਾਜ ਦੀ ਮੌਜੂਦਗੀ ਵਿੱਚ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਸੁਣਾਇਆ ਜਿਸ ਦਾ ਸਾਰੀ ਸੰਗਤ ਨੇ ਹੱਥ ਖੜੇ ਕਰਕੇ ਸਵਾਗਤ ਕੀਤਾ ਅਤੇ ਜੈਕਾਰਿਆਂ ਦੀ ਗੂੰਜ ਨਾਲ ਇਸ ਨੂੰ ਪ੍ਰਵਾਨਗੀ ਦਿੱਤੀ। ਇਹ ਐਲਾਨਨਾਮਾ ਸਭ ਨੂੰ ਪੜ੍ਹ ਕੇ ਸੁਣਾਇਆ ਗਿਆ । ਐਲਾਨ ਕਰਤਾ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਚੇਅਰਮੈਨ ਟਰੱਸਟੀ ਸਾਹਿਬਾਨ ਅਤੇ ਲੱਖਾਂ ਦੀ ਗਿਣਤੀ ਵਿੱਚ ਦੇਸ਼ ਵਿਦੇਸ਼ ਦੀ ਸੰਗਤ ਵਿੱਚ ਰਵਿਦਾਸੀਆ ਧਰਮ,

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਗ੍ਰੰਥ , ਜੈ ਗੁਰਦੇਵ ਦਾ ਨਾਅਰਾ , ਸੰਤ ਸਮਾਜ ਵਲੋਂ ਪਾਸ ਕੀਤਾ ਗਿਆ 'ਹਰਿ' ਦਾ ਨਿਸ਼ਾਨ ਅਪਨਾਉਣ ਦਾ ਇਤਿਹਾਸਕ ਐਲਾਨਨਾਮਾ ਸੁਣਾਇਆ ਗਿਆ ।ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਸੀ। ਸੰਗਤਾਂ ਨੂੰ ਰਵਿਦਾਸੀਆ ਧਰਮ ਦੇ ਨਿਯਮਾਂ ਬਾਰੇ ਵੀ ਜਾਣੂ ਕਰਵਾਇਆ ਗਿਆ । ਸੰਤ ਰਾਮਾਨੰਦ ਜੀ ਦਾ ਸੁਪਨਾ ਸੰਗਤਾਂ ਨੇ ਸਾਕਾਰ ਕਰ ਦਿੱਤਾ । ਅੱਜ ਲੋਕ ਕਰੋੜਾਂ ਦੀ ਗਿਣਤੀ ਵਿੱਚ ਰਵਿਦਾਸੀਆ ਧਰਮ ਲਿਖਵਾ ਰਹੇ ਹਨ। ਆਪਣੇ ਆਪ ਨੂੰ ਧਾਰਮਿਕ ਤੌਰ ਤੇ ਆਜ਼ਾਦ ਸਮਝ ਰਹੇ ਹਨ। ਇਹ ਸਭ ਕੁਝ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਦਾ ਹੀ ਨਤੀਜਾ ਹੈ। ਇਹ ਇੱਕ ਅਟੱਲ ਸੱਚਾਈ ਹੈ ਕਿ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਸੀਰ ਗੋਵਰਧਨ ਪੁਰ ਤੋਂ ਜਦੋਂ ਵੀ ਕੋਈ ਹੁਕਮਨਾਮਾ ਸੰਗਤਾਂ ਨੂੰ ਸੁਣਾਇਆ ਜਾਂਦਾ ਹੈ ਤਾਂ ਜਗਤ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਇਸ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਦੀਆਂ ਹਨ ਅਤੇ 'ਅੰਬਰੀ ਪੈਗਾਮ' ਵਜੋਂ ਸਵੀਕਾਰ ਕਰਦੀਆਂ ਹਨ। ਰਵਿਦਾਸੀਆ ਧਰਮ ਦੇ ਐਲਾਨ ਵਿੱਚ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਚੈਰੀਟੇਬਲ ਟਰੱਸਟ ਦੇ ਮੈਂਬਰ ਸ਼੍ਰੀ ਸਾਧੂ ਰਾਮ ਹੀਰ ਜਨਰਲ ਸੈਕਟਰੀ, ਸ਼੍ਰੀ ਹੁਕਮ ਚੰਦ (ਰਿਟਾ. ਜੱਜ) ਸ਼੍ਰੀ ਜੋਗੀ ਰਾਮ, ਸ਼੍ਰੀ ਦੇਵ ਰਾਜ, ਸ਼੍ਰੀ ਪਰਸ਼ੋਤਮ ਦਾਦਰਾ, ਸ਼੍ਰੀ ਦਲਬੀਰ ਭਾਟੀਆ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਜਿਸ ਦੀ ਬਹੁਤ ਸੁੰਦਰ ਮਿਸਾਲ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੇ 632 ਵੇਂ ਪ੍ਰਕਾਸ਼ ਦਿਹਾੜੇ ਦੀ ਹੈ ਸੰਤ ਰਾਮਾ ਨੰਦ ਜੀ ਵਲੋਂ ਉਚਾਰਿਆ ਇਹ ਸਬਦ ਜੋ ਸਾਡੇ ਕੰਨਾਂ ਵਿੱਚ ਗੂੰਜਦਾ ਹੈ।

**'ਚਲੋ ਬਨਾਰਸ ਸਾਧ ਸੰਗਤ ਜੀ ਇੱਕ ਇਤਿਹਾਸ ਰਚਾਉਣਾ ਏ**
**ਗੁਰੂ ਰਵਿਦਾਸ ਜੀ ਦੇ ਮੰਦਰ ਨੂੰ ਸੋਨੇ ਵਿੱਚ ਮੜਾਉਣਾ ਏ।'**

ਮਹਾਰਾਜ ਜੀ ਦੇ ਇਹਨਾਂ ਬੋਲਾਂ ਤੇ ਫੁੱਲ ਚਾੜ੍ਹਦੇ ਹੋਏ 2010 ਈ. ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਦੀ ਗੁੰਬਦ ਨੂੰ ਸਵਰਨ ਮੜ੍ਹਤ ਕੀਤਾ ਗਿਆ। ਦੂਸਰੀ ਮਿਸਾਲ ਧਰਮ ਦੇ ਐਲਾਨਨਾਮੇ ਅਤੇ ਸੰਗਤਾਂ ਨੇ ਅਮ੍ਰਿੰਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਕਰਨ ਦੀ ਹੈ। ਕਰੋੜਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਹੁਕਮ ਹੁੰਦਿਆਂ ਹੀ ਇਸ ਨੂੰ ਪ੍ਰਵਾਨਗੀ ਦਿੱਤੀ ਲੱਖਾਂ ਦੀ ਗਿਣਤੀ ਵਿੱਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਹਾਨ ਗ੍ਰੰਥ ਦੇ ਪ੍ਰਕਾਸ਼ ਹੋ ਚੁੱਕੇ ਹਨ ।

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਆਖਿਆ ਦੀਆਂ ਅਨੇਕਾਂ ਭਾਸ਼ਾਵਾਂ ਦੀਆਂ ਪੁਸਤਕਾਂ ਹਿੰਦੀ, ਗੁਰਮੁਖੀ, ਮਰਾਠੀ, ਗੁਜਰਾਤੀ, ਉੜੀਆ, ਅੰਗਰੇਜੀ, ਇਟਾਲੀਅਨ, ਜਰਮਨੀ ਆਦਿ ਭਾਸ਼ਾਵਾਂ ਵਿੱਚ ਦੁਨੀਆਂ ਦੇ ਹਰ ਕੋਨੇ ਵਿੱਚ ਹਰ ਦੇਸ਼ ਵਿੱਚ ਪਹੁੰਚ ਚੁੱਕੀਆਂ ਹਨ । ਰਵਿਦਾਸੀਆ ਧਰਮ ਜਿਸ ਦਾ ਸੁਪਨਾ ਸਤਿਗੁਰੂ ਸਰਵਣ ਦਾਸ ਜੀ ਦਾ ਸੀ । ਜਿਨ੍ਹਾਂ ਨੇ ਪਿੰਡ ਬੱਲਾਂ ਵਾਲੇ ਪਿੰਡ ਵਿਚਲੇ ਪਹਿਲੇ ਸਥਾਨ ਦਾ ਨਾਮ 'ਡੇਰਾ ਰਵਿਦਾਸੀਆ ਦਾ' ਰੱਖਿਆ ਸੀ ਅਤੇ ਇਸ ਨੂੰ ਆਪਣੀ ਦੂਰ ਦ੍ਰਿਸ਼ਟੀ ਨਾਲ ਮਿਤੀ 2 ਫਰਵਰੀ 1964 ਨੂੰ ਇਸ ਡੇਰੇ ਦੇ ਉੱਪਰ ਲਿਖਵਾ ਕੇ ਇਸ ਧਰਮ ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ ਸੀ। ਮਹਾਂਪੁਰਸ਼ਾਂ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਸੰਤ ਰਾਮਾਨੰਦ ਜੀ ਨੇ ਆਪਣਾ ਜੀਵਨ ਲਾਇਆ ਦੁਨੀਆਂ ਵਿੱਚ ਲੱਖਾਂ ਹੀ ਦਾਨੀ ਸੂਰਵੀਰ ,ਸੰਤ,ਸੂਰਮੇ ਹੋਣਗੇ। ਸਾਰੇ ਹੀ ਅਤਿ ਸਤਿਕਾਰਯੋਗ ਹਨ, ਪਰ ਧਰਮ ਦੀ ਜੋ ਖੁਸ਼ਬੋ ,ਮਿਸ਼ਨ ਪ੍ਰਤੀ ਜੋ ਜਜ਼ਬਾ

ਡੇਰਾ ਬੱਲਾਂ ਦੇ ਮਹਾਂਪੁਰਸ਼ਾਂ ਵਿੱਚ ਹੈ। ਉਸ ਦੇ ਵੀ ਕਿਆ ਕਹਿਣੇ ਹਨ। ਨਿਰੋਲ ਰਵਿਦਾਸੀਆ ਧਰਮ ਨੂੰ ਇਹ ਸਮਰਪਿਤ ਡੇਰਾ ਜੋ ਸ਼ਹੀਦੀਆਂ ਦੇ ਜਾਮ ਪੀਣ ਤੋਂ ਵੀ ਨਹੀਂ ਝਿਜਕਦਾ, ਆਪਣੇ ਖ਼ੂਨ ਪਸੀਨੇ ਨਾਲ ਧਰਮ ਦੀ ਫ਼ੁਲਵਾੜੀ ਨੂੰ ਸਿੰਜ ਰਿਹਾ ਹੈ।ਭਾਰਤ ਦੇ ਅਲੱਗ-ਅਲੱਗ ਪ੍ਰਾਤਾਂ ਵਿੱਚ ਭਾਵੇਂ ਰਵਿਦਾਸੀਆ ਕੌਮ ਨੂੰ ਅਨੇਕਾਂ ਨਾਂਵਾਂ ਨਾਲ ਯਾਦ ਕੀਤਾ ਜਾਂਦਾ ਹੈ ਪਰ ਰਵਿਦਾਸੀਆ ਧਰਮ ਦੇ ਐਲਾਨ ਤੋਂ ਬਾਅਦ ਕਰੋੜਾਂ ਦੀ ਗਿਣਤੀ ਵਿੱਚ ਰਵਿਦਾਸੀਆ ਧਰਮ ਨਾਲ ਮਿਲੀ ਪਹਿਚਾਣ ਕਾਰਣ ਖ਼ੁਦ ਨੂੰ ਰਵਿਦਾਸੀਆ ਕਹਾਉਣ ਦਾ ਫ਼ਖਰ ਮਹਿਸੂਸ ਕੀਤਾ ਹੈ।

ਸੰਤ ਰਾਮਾਨੰਦ ਜੀ ਦਾ ਵੱਡਪਣ ਇਸ ਕਰਕੇ ਨਹੀਂ ਸੀ ਕਿ ਉਹ ਡੇਰਾ ਬੱਲਾਂ ਦੇ ਸੰਤ ਸਨ ਉਹਨਾਂ ਦੀ ਵਡਿਆਈ ਇਸ ਕਰਕੇ ਹੈ ਕਿ ਉਹਨਾਂ ਦਾ ਮਿਸ਼ਨ ਇੱਕ ਸੀ ।ਮਿਸ਼ਨ ਇੱਕ ਅਤੇ ਸਪੱਸ਼ਟ ਹੋਣ ਕਾਰਨ ਇਹ ਡੇਰਾ ਵਿਸ਼ਵ-ਪ੍ਰਸਿੱਧ ਅਤੇ ਅਤਿ ਸਤਿਕਾਰਤ ਹੈ।

ਇਸ ਡੇਰੇ ਦੇ ਮਹਾਂਪੁਰਸ਼ ਭੇਖ ਦੀ ਮਰਿਆਦਾ ਨੂੰ ਸਮਝਦੇ ਹਨ। ਸੰਤ ਰਾਮਾ ਨੰਦ ਜੀ ਨੇ 108 ਸੰਤ ਗਰੀਬ ਦਾਸ ਜੀ ਵਲੋਂ ਪ੍ਰਾਪਤ ਹੋਈ ਭੇਖ ਦੀ ਦਾਤ ਨੂੰ ਸੰਤ ਮੱਤ ਵਿੱਚ ਰਹਿੰਦੇ ਹੋਏ ਜਤ ਸਤ ਨਾਲ ਨਿਭਾਇਆ। ਇਨ੍ਹਾਂ ਮਹਾਂਪੁਰਸ਼ਾਂ ਦੀ ਉੱਚੀ ਸੋਚ ਅਤੇ ਆਪਣੇ ਪੈਰੋਕਾਰਾਂ ਨੂੰ ਦਿੱਤੀ ਗਈ ਚੰਗੀ ਸੇਧ ਕਾਰਣ ਹੀ ਡੇਰਾ ਸੱਚ ਖੰਡ ਬੱਲਾਂ ਦੇ ਅਨੁਯਾਈ ਸਾਰੇ ਧਰਮਾਂ ਅਤੇ ਸੰਤਾਂ ਮਹਾਂਪੁਰਸ਼ਾਂ ਦਾ ਸਤਿਕਾਰ ਕਰਦੇ ਹਨ। ਅਗਰ ਅਸੀਂ ਥੋੜ੍ਹਾਂ ਦੂਰ-ਅੰਦੇਸ਼ੀ ਨਾਲ ਦੇਖੀਏ ਅਤੇ ਡੇਰੇ ਵਲੋਂ ਰਿਲੀਜ਼ ਕੀਤੀਆਂ ਪੁਸਤਕਾਂ, ਕੈਸਟਾਂ ਅਤੇ ਹੋਰ ਸਾਹਿਤਕ ਸਮੱਗਰੀ ਨੂੰ ਵਾਚੀਏ ਜੋ ਮਈ 2009 (ਵਿਆਨਾ ਕਾਂਡ) ਤੋਂ ਪਹਿਲੀ ਹੋਵੇ ਤਾਂ ਆਪ ਦੇਖੋਗੇ ਕਿ ਜੋ ਪ੍ਰਚਾਰ ਬਾਣੀ ਦਾ ਸੰਤ ਰਾਮਾ ਨੰਦ ਜੀ ਵਲੋਂ ਆਪਣੇ ਜੀਵਨ ਕਾਲ ਵਿੱਚ ਕੀਤਾ ਗਿਆ। ਸ਼ਾਇਦ ਹੀ ਕਿਸੇ ਯੁਵਾ ਅਵਸਥਾ ਵਾਲੇ ਸੰਤ ਵਲੋਂ ਕੀਤਾ ਗਿਆ ਹੋਵੇ। ਪੂਰੇ ਵਿਸ਼ਵ ਦੇ ਕੋਨੇ ਕੋਨੇ ਵਿੱਚ ਜਾ ਕੇ ਗੁਰੂ ਘਰਾਂ ਦੀ ਸਥਾਪਨਾ ,ਬਾਣੀ ਦਾ ਪ੍ਰਕਾਸ਼ ,ਗੁਰੂ ਘਰਾਂ ਵਿੱਚ ਸੇਵਾ ਸੰਭਾਲ, ਲਈ ਕਮੇਟੀਆਂ ਦਾ ਗਠਨ,ਵੱਡੇ ਵੱਡੇ ਸੰਤ ਸਮਾਗਮ ਦਾ ਅਯੋਜਨ ਇੱਥੋਂ ਤੱਕ ਕਿ ਮੁਸਲਿਮ ਦੇਸ਼ਾਂ ਵਿੱਚ ਵੀ ਜਾ ਕੇ ਮਿਸ਼ਨ ਦਾ ਪ੍ਰਚਾਰ ਕੀਤਾ। ਸ਼ਾਇਦ ਇਹੋ ਹੀ ਕਾਰਣ ਹੋਵੇਗਾ ਕਿ ਉਨ੍ਹਾਂ ਨੇ ਆਖ਼ਰੀ ਸਵਾਸ ਵੀ ਗੁਰੂ ਚਰਨਾਂ ਵਿੱਚ ਕੀਰਤਨ ਕਰਦਿਆਂ ਕਰਦਿਆਂ ਹੀ ਲਿਆ। ਅੱਜ ਬੇ-ਸਮਝ ਅਤੇ ਮਾਨਵਤਾ ਵਿਰੋਧੀ ਲੋਕ ਕੁਝ ਵੀ ਕਹਿਣ ।ਜਿਸ ਸੱਚੀ ਸੁੱਚੀ,ਪਵਿੱਤਰਤਾ ਅਤੇ ਲਗਨ ਨਾਲ ਡੇਰੇ ਵਲੋਂ ਪ੍ਰਚਾਰ ਹੋਇਆ ਹੈ ਉਸਦੀ ਕਿਧਰੇ ਵੀ ਕੋਈ ਮਿਸਾਲ ਨਹੀਂ ਹੈ। ਇਹੋ ਹੀ ਕਾਰਨ ਸੀ ਕਿ ਸੰਤ ਰਾਮਾ ਨੰਦ ਜੀ ਦੇ ਸ਼ਹੀਦ ਹੋਣ ਤੇ ਸਭ ਸੰਪ੍ਰਦਾਇਆ ਵਲੋਂ ਦੁੱਖ ਪ੍ਰਗਟ ਕੀਤਾ ਗਿਆ। ਕੁਝ ਸਮਾਜ ਵਿਰੋਧੀ ਅਤੇ ਮਿਸ਼ਨ ਵਿਰੋਧੀਆਂ ਵਲੋਂ ਅਜਿਹੇ ਬਿਆਨ ਵੀ ਲਗਾਏ ਗਏ ਕਿ ਅਸੀਂ ਵਿਆਨਾ ਕਾਂਡ ਵਿੱਚ ਫੜੇ ਗਏ ਦੋਸ਼ੀਆਂ ਦੀ ਕਾਨੂੰਨੀ ਸਹਾਇਤਾ ਕਰਾਂਗੇ ਅਤੇ ਉਨ੍ਹਾਂ ਦੇ ਕੇਸਾਂ ਦਾ ਸਾਰਾ ਖਰਚਾ ਕਰਾਂਗੇ ਪਰ 'ਸੰਤਾਂ ਨਾਲ ਵੈਰ ਕਮਾਂਵਦੇ ਦੁਸਟਾ ਨਾਲ ਪਿਆਰ' ਉਨ੍ਹਾਂ ਦੀ ਮਾਇਆ ਵੀ ਦੋਸ਼ੀਆਂ ਨੂੰ ਕਾਨੂੰਨ ਤੋਂ ਬਚਾ ਨਹੀਂ ਸਕੀ। ਆਸਟਰੀਆ ਦੀ ਮਾਣਯੋਗ ਅਦਾਲਤ ਨੇ ਆਪਣਾ ਸਹੀ ਅਤੇ ਤੇਜ਼ੀ ਨਾਲ ਫੈਸਲਾ ਸੁਣਾਇਆ ਜਿਸ ਅਨੁਸਾਰ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ।

# ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਨੂੰ ਸਾਹਿਤਿਕ ਸਰਧਾਂਜਲੀਆਂ

ਦਾਸ ਇਥੇ ਇਹ ਜ਼ਿਕਰ ਕਰਨਾ ਵੀ ਉਚਿਤ ਸਮਝਦਾ ਹੈ ਕਿ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਸ਼ਹੀਦੀ ਅਤੇ ਉਹਨਾਂ ਦੇ ਉਲੀਕੇ ਹੋਏ ਮਿਸ਼ਨਰੀ ਪਰਉਪਕਾਰਾਂ 'ਤੇ ਪਹਿਰਾ ਦੇਣ ਲਈ ਜਿੱਥੇ ਵਿਸ਼ਵ ਭਰ ਦੀਆਂ ਸੰਤ ਸੇਵੀ ਅਤੇ ਮਿਸ਼ਨ ਪ੍ਰੇਮੀ ਸੰਸਥਾਂਵਾਂ ਨੇ ਯੋਗਦਾਨ ਪਾਇਆ ਹੈ ਉਥੇ ਪੂਰੇ ਭਾਰਤ ਦੇ ਰਵਿਦਾਸੀਆ ਸੰਤ ਸਮਾਜ ਦਾ ਵੀ ਬਹੁਤ ਯੋਗਦਾਨ ਹੈ ਜਿਨ੍ਹਾਂ ਵਿਚ ਸ਼੍ਰੀ 108 ਸੰਤ ਕ੍ਰਿਸ਼ਨ ਨਾਥ ਜੀ ਚਹੇੜੂ (ਡੇਰਾ ਸ਼੍ਰੀ ਸੰਤ ਫੂਲ ਨਾਥ ਜੀ ਮਹਾਰਾਜ), ਸ਼੍ਰੀ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ (ਡੇਰਾ ਸ਼੍ਰੀ 108 ਹਰੀ ਦਾਸ ਜੀ ਮਹਾਰਾਜ ਬੋਪਾਰਾਏ ਕਲਾਂ), ਸ਼੍ਰੀ 108 ਸੰਤ ਚੰਨ ਪ੍ਰਕਾਸ਼ ਜੀ ਮਹਾਰਾਜ (ਡੇਰਾ ਸ਼੍ਰੀ 108 ਸੰਤ ਖਜਾਨ ਦਾਸ ਜੀ), ਸ਼੍ਰੀ 108 ਸੰਤ ਸਤਿਆਪਾਲ ਜੀ ਚੰਡੀਗੜ੍ਹ, ਸ਼੍ਰੀ 108 ਸੰਤ ਸੁਖਦੇਵ ਬਾਘਮਾਰੇ ਜੀ ਪੂਨਾ ਮਹਾਂਰਾਸ਼ਟਰ,ਮਹੰਤ ਕੇਸ਼ਵ ਬੰਗਾ ਜੀ ਗੜ੍ਹਸ਼ੰਕਰ, ਸ਼੍ਰੀ 108 ਸੰਤ ਬਲਬੀਰ ਦਾਸ ਖੰਨਾ ਸ਼੍ਰੀ, 108 ਸੰਤ ਹਰਵਿੰਦਰ ਦਾਸ ਜੀ ਦੇ ਨਾਮ ਵਰਨਣਯੋਗ ਹਨ।

ਮਿਸ਼ਨਰੀ ਗੀਤਕਾਰਾਂ ਅਤੇ ਲੇਖਕਾਂ ਵਿੱਚ ਨਿਰਮਲ ਰੱਤੂ ਰੰਧਾਵਾਂ, ਰਜਿੰਦਰ ਬੰਗੜ, ਰੂਪ ਲਾਲ ਧੀਰ, ਜੀਵਨ ਸੋਹਲ, ਸਤਪਾਲ ਸਾਹਲੋਂ, ਰਾਜੇਸ਼ ਕੈਂਥ ਭਬਿਆਣਵੀ, ਐਸ ਐਸ ਅਜ਼ਾਦ, ਬਲਵਿੰਦਰ ਬਿੱਟੂ, ਰਾਜ ਦਦਰਾਲ, ਸੁੱਖਵਿੰਦਰ ਵਿਰਦੀ,ਬਲਵਿੰਦਰ ਪੁਆਰ, ਸੋਹਣ ਸਹਿਜਲ, ਮਦਨ ਜਲੰਧਰੀ, ਸ਼੍ਰੀ ਰਾਮ ਅਰਸ਼, ਚੰਨ ਗੁਰਾਇਆ, ਮੋਹਨ ਲਾਲ ਫਿਲੌਰੀਆਂ, ਗੁਰਮੁੱਖ ਰੰਧਾਵਾ ਰਕੇਸ਼ ਰਾਣਾ, ਪੰਮਾ ਸੁੰਨੜ, ਭਾਗ ਰਾਮ ਸੁੰਮਨ, ਰਜਨੀ ਠਕਰਵਾਲ, ਜੋਗਿੰਦਰ ਦੁਖੀਆ, ਦਵਿੰਦਰ ਜਾਡਲਾ, ਬਲਵਿੰਦਰ ਕੌਰ, ਬਲਬੀਰ ਮੰਡ, ਰਾਮ ਧਨ ਨਾਂਗਲੂ, ਜਸਵਿੰਦਰ ਰਈਆ, ਕਾਲਾ ਪਧਿਆਣਵੀ, ਸ਼ਿੰਦਾ ਰਾਣੀਪੁਰੀਆ, ਚਰਨਜੀਤ ਮਾਣਕਰਾਏ, ਬੰਗੜ ਬ੍ਰਦਰਜ਼ ਨੇ ਬਹੁਤ ਵੱਡਮੁੱਲੀਆਂ ਸੇਵਾਵਾਂ ਨਿਭਾਈਆਂ ਜੋ ਸਾਡੇ ਚੇਤਿਆਂ ਵਿੱਚ ਵਸਦੀਆਂ ਰਹਿਣਗੀਆਂ।

ਇਨ੍ਹਾਂ ਮਹਾਂਪੁਰਸ਼ਾਂ, ਸਾਹਿਤਕਾਰਾਂ, ਮਿਸ਼ਨਰੀ ਗਾਇਕਾਂ ਦੀ ਬਦੌਲਤ ਰਵਿਦਾਸੀਆਂ ਧਰਮ ਤੇਜੀ ਨਾਲ ਫੈਲ ਰਿਹਾ ਹੈ ਅਤੇ ਅੱਜ ਕਰੋੜਾਂ ਦੀ ਗਿਣਤੀ ਵਿੱਚ ਇਸ ਨੂੰ ਮੰਨਣ ਵਾਲੇ । ਇਹਨਾਂ ਸ਼ਖ਼ਸੀਅਤਾਂ ਦਾ ਨਾਮ ਸਾਡੇ ਮਾਰਗ ਦਰਸ਼ਕਾਂ ਵਿੱਚ ਗਿਣਿਆ ਜਾਂਦਾ ਰਹੇਗਾ। ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਉਪਰਾਲੇ, ਸੇਵਾਵਾਂ ਸੁਨਿਹਰੀ ਅੱਖਰਾਂ ਵਿੱਚ ਲਿਖੀਆਂ ਗਈਆਂ ਹਨ। ਰਵਿਦਾਸੀਆਂ ਧਰਮ ਨੂੰ ਉਜਾਗਰ ਕਰਨ ਅਤੇ ਬੁਲੰਦੀਆਂ ਤੇ ਪਹੁੰਚਾਉਣ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ।

# ਸੰਤ ਰਾਮਾ ਨੰਦ ਜੀ ਨੇ
# ਰਵਿਦਾਸੀਆ ਕੌਮ ਨੂੰ ਜਗਾਇਆ

– ਸੰਤ ਸੁਰਿੰਦਰ ਦਾਸ ਬਾਵਾ ਜੀ

ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਦੁਨੀਆਂ ਵਿੱਚ ਫੈਲਾਇਆ,
ਸੰਤ ਰਾਮਾ ਨੰਦ ਜੀ ਨੇ ਰਵਿਦਾਸੀਆ ਕੌਮ ਨੂੰ ਜਗਾਇਆ।

ਸੰਤ ਹਰੀ ਦਾਸ ਜੀ ਦੇ ਚਰਨਾਂ ਨਾਲ ਜੀਵਨ ਲਗਾਇਆ,
ਸੰਤ ਗਰੀਬ ਦਾਸ ਜੀ ਨਾਲ ਦੇਸ਼ਾ ਵਿਦੇਸ਼ਾਂ ਹਰਿ ਜਸ ਗਾਇਆ,
ਕੌਮ ਦੇ ਭਲੇ ਲਈ ਅਨੇਕਾਂ ਕਾਰਜਾਂ ਨੂੰ ਚਲਾਇਆ,
ਸੰਤ ਰਾਮਾ ਨੰਦ ਜੀ ਨੇ ਰਵਿਦਾਸੀਆ ਕੌਮ ਨੂੰ ਜਗਾਇਆ।

ਵਿਆਨਾਂ ਦੇ ਵਿੱਚ ਅਮਰ ਸ਼ਹਾਦਤ ਜਾ ਕੇ ਪਾਈ,
ਕੌਮ ਦੀ ਸੁੱਤੀ ਹੋਈ ਅਣਖ ਵਿਸ਼ਵ ਵਿੱਚ ਜਗਾਈ,
ਚਾਰ ਸ਼ਹੀਦਾਂ ਨੇ ਸ਼ਹਾਦਤ ਨੂੰ ਅੱਗੇ ਵਧਾਇਆ,
ਸੰਤ ਰਾਮਾ ਨੰਦ ਜੀ ਨੇ ਰਵਿਦਾਸੀਆ ਕੌਮ ਨੂੰ ਜਗਾਇਆ।

ਸੰਤ ਸਮਾਜ ਨੇ ਰਵਿਦਾਸੀਆ ਧਰਮ ਐਲਾਨ ਕੀਤਾ,
ਅੰਮ੍ਰਿਤਬਾਣੀ ਦਾ ਸੰਗਤਾਂ ਨੇ ਸਭ ਪਾਸੇ ਧਿਆਨ ਕੀਤਾ,
ਹਰਿ ਦਾ ਨਿਸ਼ਾਨ ਦੁਨੀਆਂ ਵਿੱਚ ਲਹਿਰਾਇਆ,
ਸੰਤ ਰਾਮਾ ਨੰਦ ਜੀ ਨੇ ਰਵਿਦਾਸੀਆ ਕੌਮ ਨੂੰ ਜਗਾਇਆ।

# ਤੈਨੂੰ ਗੁਰੂ ਕਹਿਣਾ, ਸਾਡੇ ਲਈ ਗੁਨਾਹ ਹੋ ਗਿਆ

– ਸੋਹਨ ਸਹਿਜਲ

ਸਤਿਗੁਰੂ ਰਵਿਦਾਸ ,ਅਸਾਂ ਸਾਰਿਆਂ ਦੀ ਆਸ,
ਏਦਾਂ ਜਾਪੇ ,ਜਿਵੇਂ ਧਰਮ ਤਬਾਹ ਹੋ ਗਿਆ।
ਤੈਨੂੰ ਗੁਰੂ ਕਹਿਣਾ ,ਸਾਡੇ ਲਈ ਗੁਨਾਹ ਹੋ ਗਿਆ।

ਮਧੂ ਮੱਖੀਆਂ ਦੇ ਵਾਂਗ ਏਕਾ ਹੋਈ ਜਾਂਦਾ ਸੀ।
ਮੋਤੀ ਖਿਲਰੀ ਹੋਈ ਮਾਲਾ ਦੇ ਪਰੋਈ ਜਾਂਦਾ ਸੀ।
ਇਹੋ ਦੋਸ਼ ਬੱਲਾਂ ਵਾਲੇ ਲਈ ਸਜ਼ਾ ਹੋ ਗਿਆ
ਤੈਨੂੰ ਗੁਰੂ ਕਹਿਣਾ ,ਸਾਡੇ ਲਈ ਗੁਨਾਹ ਹੋ ਗਿਆ।

ਕਿਥੇ ਲਿਖੀ ਹੈ ਧਰਮ ਵਿੱਚ ਭਾਸ਼ਾ ਗੋਲ਼ੀ ਦੀ।
ਪਾਪੀ ਭੁੱਲ ਗਏ ਪਛਾਣ ,ਅਰਥੀ ਤੇ ਡੋਲੀ ਦੀ।
ਜਿਹਨੂੰ ਮਾਰਿਆ ਉਹ ਸੰਤ ਤਾਂ ਖੁਦਾ ਹੋ ਗਿਆ।
ਤੈਨੂੰ ਗੁਰੂ ਕਹਿਣਾ ,ਸਾਡੇ ਲਈ ਗੁਨਾਹ ਹੋ ਗਿਆ।

ਕੌਮ ਚੜਦੀ ਕਲਾ ਦੇ ਵਿੱਚ ਉਹੋ ਸਦਾ ਰਹਿਣ।
ਸੰਤ ਰਾਮਾ ਨੰਦ ਜਿਹੇ ਘਰ ਘਰ ਜੰਮ ਲੈਣ।
ਸਾਡਾ ਰਾਹ ਕੁਰਬਾਨੀਆਂ ਦਾ ਰਾਹ ਹੋ ਗਿਆ।
ਤੈਨੂੰ ਗੁਰੂ ਕਹਿਣਾ ,ਸਾਡੇ ਲਈ ਗੁਨਾਹ ਹੋ ਗਿਆ।

ਕੌਮ ਗੁਰੂ ਰਵਿਦਾਸ ਜੀ ਦੀ ਰਹੇ ਸਦਾ ਜਗਦੀ।
ਨਹੀਂ ਰੀਸ ਸੰਤ ਰਾਮਾ ਨੰਦ ਜੀ ਦੇ ਤਿਆਗ ਦੀ।
ਸਹਿਜਲ,ਕੌਮ ਦੀ ਉਹ ਬੇੜੀ ਦਾ ਮਲਾਹ ਹੋ ਗਿਆ।
ਤੈਨੂੰ ਗੁਰੂ ਕਹਿਣਾ ,ਸਾਡੇ ਲਈ ਗੁਨਾਹ ਹੋ ਗਿਆ।

# ਅਜੇ ਲੋੜ ਸੀ ਤੇਰੀ..............

– ਰਾਜੇਸ਼ ਕੈਂਥ ਭਬਿਆਣਵੀ

ਮੁਰਦਿਆਂ ਵਿੱਚ ਜਾਨ ਪਾਉਂਦੀ ਸੋਚ ਤੇਰੀ,
ਸ਼ੇਰਾ ਵੇ ਤੇਰੀ ਕੌਮ ਨੂੰ ਅਜੇ ਲੋੜ ਸੀ ਤੇਰੀ।

ਤੂੰ ਕਦੇ ਨਾ ਥੱਕਿਆ ਗੁਰੂ ਦੀ ਮਹਿਮਾਂ ਗਾਉਂਦਾ,
ਬੇਗਮਪੁਰ ਸ਼ਹਿਰ ਲਈ ਸੁੱਤੀ ਕੌਮ ਨੂੰ ਜਗਾਉਂਦਾ,
ਤੱਕ ਕੇ ਤੈਨੂੰ ਲੱਗਦਾ ਸੀ ਕੋਈ ਆ ਰਹੀ ਹਨੇਰੀ ,
ਸ਼ੇਰਾ ਵੇ ਤੇਰੀ ਕੌਮ ਨੂੰ ਅਜੇ ਲੋੜ ਸੀ ਤੇਰੀ।

ਤੂੰ ਮਿਸ਼ਨਾਂ ਦੀ ਜੋਤ ਹਰ ਸੀਨੇ ਵਿੱਚ ਜਗਾਈ,
ਕਾਂਸ਼ੀ ਰਾਮ ਜੇਹੇ ਯੋਧਿਆਂ ਨਾਲ ਪੈੜ੍ਹ ਮਿਲਾਈ,
ਤੇਰੇ ਬਿਨਾਂ ਕੋਣ ਕਰੂੰਗਾ ਅਣਖਾਂ ਭਰੀ ਦਲੇਰੀ,
ਸ਼ੇਰਾ ਵੇ ਤੇਰੀ ਕੌਮ ਨੂੰ ਅਜੇ ਲੋੜ ਸੀ ਤੇਰੀ।

ਸ਼ਬਦ ਕੀਰਤਨ ਕਰ ਤੇਰਾ ਇਹੋ ਸਮਝਾਉਣਾ,
ਭਾਰਤ ਦੀ ਧਰਤ ਤੇ ਆਪਣਾ ਰਾਜ ਲਿਆਉਣਾ,
ਤੇਰੇ ਵਰਗਾ ਕੋਈ ਨਾ ਲੱਭੇ ਘੁੰਮੇ ਮੰਡਲੀ ਬਥੇਰੀ,
ਸ਼ੇਰਾ ਵੇ ਤੇਰੀ ਕੌਮ ਨੂੰ ਅਜੇ ਲੋੜ ਸੀ ਤੇਰੀ।

ਕੌਮ ਛੂਹੇ ਬੁਲੰਦੀਆਂ ਸੀ ਤੇਰੀ ਸੋਚ ਨਿਆਰੀ,
ਤੇਰੀ ਯਾਦ ਵਿੱਚ ਅੱਖ ਕੈਂਥ ਦੀ ਰੋ-ਰੋ ਕੇ ਹਾਰੀ,
ਡੁੱਬਣ ਲੱਗੀ ਸਣੇ ਮਲਾਹਾ ਅੱਜ ਕੌਮ ਦੀ ਬੇੜੀ,
ਸ਼ੇਰਾ ਵੇ ਤੇਰੀ ਕੌਮ ਨੂੰ ਅਜੇ ਲੋੜ ਸੀ ਤੇਰੀ।

# ਸੰਤ ਰਾਮਾ ਨੰਦ ਜੀ ਨੂੰ ਸਰਧਾਂਜਲੀ

– ਪਰਸ਼ੋਤਮ ਲਾਲ ਸਰੋਏ

ਦੱਸਾਂ ਦਿਲ ਵਾਲੇ ਦੁਖੜੇ ਖਲੋ ਕੇ,
ਰੱਬਾ ਤੈਨੂੰ ਕੀ ਮਿਲਿਆ?
ਸੰਤ ਰਾਮਾ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ?ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ?
ਮਈ ਦੀ ਤਰੀਕ ਦਾ ਕਿਉਂ ਸਾਡੇ ਨਾਲ ਵੈਰ ਸੀ।
ਰੱਬ ਨੇ ਸੀ ਕੀਤਾ,
ਡਾਢਾ ਸਾਡੇ ਨਾਲ ਕਹਿਰ ਸੀ।
ਰੂਪ ਰੱਬ ਵਾਲਾ ਸਾਡੇ ਤੋਂ ਲੁਕੋ ਕੇ।
ਰੱਬਾ ਤੈਨੂੰ ਕੀ ਮਿਲਿਆ?
ਸੰਤ ਰਾਮਾ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ? ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ।
ਪਾਪ ਦੀਆਂ ਗੋਲ਼ੀਆਂ ਨੇ ਕੀਤਾ ਬੜਾ ਵੈਰ ਸੀ,
ਲੁੱਟ ਲਿਆ ਸਾਡੇ,ਬੇਗਮਪੁਰੇ ਵਾਲਾ ਸ਼ਹਿਰ ਸੀ।
ਹਾਂ ! ਲੁੱਟ ਲਿਆ ਸਾਡਾ
ਬੇਗਮਪੁਰੇ ਵਾਲਾ ਸ਼ਹਿਰ ਸੀ।
ਕੱਲ੍ਹੇ ਛੱਡ ਗਿਆ,ਦੱਸਾਂ ਮੈਂ ਕੀ-ਕੀ ਰੋ ਕੇ।
ਰੱਬਾ ਤੈਨੂੰ ਕੀ ਮਿਲਿਆ?
ਸੰਤ ਰਾਮਾ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ? ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ?
ਕਹਿਰ ਡਾਢਾ ਸੁਣ ਪਿਆ ਪਲਾਂ ਵਿਚ ਸੋਗ ਸੀ ।
ਸਾਨੂੰ ਇਲਾਹੀ ਰੂਪ ਪਾ ਗਿਆ ਵਿਯੋਗ ਸੀ ।

ਹਾਂ ਸਾਨੂੰ ਤਾਂ ਇਲਾਹੀ ਰੂਪ ਪਾ ਗਿਆ ਵਿਯੋਗ ਸੀ।
ਰੋਈ ਦੁਨੀਆਂ ਵਿਰਾਨ ਜਿਹੀ ਹੋ ਕੇ।
ਰੱਬਾ ਤੈਨੂੰ ਕੀ ਮਿਲਿਆ ?
ਸੰਤ ਰਾਮਾ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ ? ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ ?
ਪੀ ਲਿਆ ਸੀ ਓਸ ਨੇ ਸ਼ਹਾਦਤ ਦਾ ਜਾਮ ਸੀ।
ਦੁਨੀਆਂ 'ਤੇ ਕਰ ਗਿਆ ਉੱਚਾ ਸਾਡਾ ਨਾਮ ਸੀ।
ਹਾਂ! ਦੁਨੀਆਂ 'ਤੇ ਕਰ ਗਿਆ
ਉੱਚਾ ਸਾਡਾ ਨਾਮ ਸੀ
ਸਾਡੇ ਦਿਲਾਂ ਵਿਚ ਭਰ ਗਿਆ ਸੀ ਹੌਂਕੇ
ਰੱਬਾ ਤੈਨੂੰ ਕੀ ਮਿਲਿਆ ?
ਸੰਤ ਰਾਮਾ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ ? ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ ?
ਪਰਸ਼ੋਤਮ! ਬੰਦੇ ਨੂੰ ਉਹਦੇ ਲੜ ਲਾਇਆ ਸੀ।
ਪਾਪੀ ਬੰਦਿਆਂ ਕਿਉਂ,ਦਗ਼ਾ ਉਹਦੇ ਨਾਲ ਕਮਾਇਆ ਸੀ।
ਹਾਂ! ਪਾਪੀ ਬੰਦਿਆਂ ਕਿਉਂ, ਦਗ਼ਾ ਉਹਦੇ ਨਾਲ ਕਮਾਇਆ ਸੀ?
ਲੈ ਕੇ ਆਏ ਸੀ ਹਥਿਆਰ ਲੁਕੋ ਕੇ।
ਰੱਬਾ ਤੈਨੂੰ ਕੀ ਮਿਲਿਆ ?
ਸੰਤ ਰਾਮਾ ਨੰਦ ਸਾਡੇ ਕੋਲੋਂ ਖੋਹ ਕੇ।
ਰੱਬਾ ਤੈਨੂੰ ਕੀ ਮਿਲਿਆ ? ਦੱਸ ਦੇ।
ਰੱਬਾ ਤੈਨੂੰ ਕੀ ਮਿਲਿਆ ?

# ਕੁਰਬਾਨੀ ਸੰਤਾਂ ਦੀ

– ਚੰਨੀ ਮਾਣਕਰਾਏ

ਕੌਮ ਦੇ ਲੇਖੇ ਲੱਗੂਗੀ ਕੁਰਬਾਨੀ ਸੰਤਾਂ ਦੀ
ਕਦੇ ਬੇਅਰਥ ਨਾ ਜਾਊਗੀ ਕੁਰਬਾਨੀ ਸੰਤਾਂ ਦੀ

ਸੁਆਮੀ ਸਰਵਣ ਦਾਸ ਨੇ ਐਸਾ ਕਰਮ ਕਮਾ ਦਿੱਤਾ,
ਕਾਂਸ਼ੀ ਦੇ ਵਿੱਚ ਗੁਰੂ ਰਵਿਦਾਸ ਦਾ ਮੰਦਰ ਬਣਾ ਦਿੱਤਾ,
ਦੁਨੀਆਂ ਦੇ ਵਿੱਚ ਬਣ ਗਈ ਯਾਦ ਨਿਸ਼ਾਨੀ ਸੰਤਾਂ ਦੀ
ਕਦੇ ਬੇਅਰਥ ਨਾ ਜਾਊਗੀ ਕੁਰਬਾਨੀ ਸੰਤਾਂ ਦੀ

ਸੰਤ ਰਾਮਾ ਨੰਦ ਸੰਤਾਂ ਨੇ ਜਦ ਇਹ ਹੋਕਾ ਲਾਇਆ ਸੀ,
ਸੰਗਤਾਂ ਨੇ ਸੋਨੇ ਦਾ ਉਥੇ ਮੀਂਹ ਵਰਸਾਇਆ ਸੀ,
ਅਮਰ ਸ਼ਹੀਦੀ ਹੋ ਗਈ ਵਿੱਚ ਵਿਆਨਾ ਸੰਤਾਂ ਦੀ,
ਕਦੇ ਬੇਅਰਥ ਨਾ ਜਾਊਗੀ ਕੁਰਬਾਨੀ ਸੰਤਾਂ ਦੀ

ਅੰਮ੍ਰਿਤਬਾਣੀ ਸਤਿਗੁਰਾਂ ਨੇ ਜਦੋਂ ਚਲਾ ਦਿੱਤੀ,
ਰਵਿਦਾਸੀਆ ਧਰਮ ਦੇ ਲੜ੍ਹ ਸਾਰੀ ਕੌਮ ਲਗਾ ਦਿੱਤੀ,
ਮਿਸ਼ਨ ਦੇ ਲੇਖੇ ਲੱਗ ਗਈ ਜਿੰਦਗਾਨੀ ਸੰਤਾਂ ਦੀ
ਕਦੇ ਬੇਅਰਥ ਨਾ ਜਾਊਗੀ ਕੁਰਬਾਨੀ ਸੰਤਾਂ ਦੀ

ਚੰਨੀ ਮਾਣਕਰਾਈਆਂ ਗੱਲਾਂ ਸੱਚ ਸੁਣਾਉਂਦਾ ਆ,
ਘਰ ਘਰ ਵਿੱਚ ਰਹਿਬਰਾਂ ਦਾ ਮਿਸ਼ਨ ਫੈਲਾਉਂਦਾ ਆ,
ਕਦੀ ਮੁਕਾਇਆ ਮੁੱਕੂ ਨਾ ਬਾਗਬਾਨੀ ਸੰਤਾਂ ਦੀ
ਕਦੇ ਬੇਅਰਥ ਨਾ ਜਾਊਗੀ ਕੁਰਬਾਨੀ ਸੰਤਾਂ ਦੀ

# ਸੰਤ ਰਾਮਾ ਨੰਦ ਜੀ
# ਤੁਸਾਂ ਦੀ ਧੰਨ ਕੁਰਬਾਨੀ ਏ

– ਬਲਵਿੰਦਰ ਪੁਆਰ

ਸੰਤ ਰਾਮਾ ਨੰਦ ਜੀ ਤੁਸਾਂ ਦੀ ਧੰਨ ਕੁਰਬਾਨੀ ਏ।
ਕੌਮ ਦੀ ਖਾਤਿਰ ਵਾਰ ਦਿੱਤੀ ਤੁਸਾਂ ਜ਼ਿੰਦਗਾਨੀ ਏ।

ਗੁਰੂ ਰਵਿਦਾਸ ਦਾ ਮਿਸ਼ਨ ਤੁਸਾਂ ਨੇ ਪੂਰੀ ਦੁਨੀਆਂ ਵਿੱਚ ਵਧਾਇਆ,
ਸੌਂ ਗਈ ਸੀ ਜੋ ਕੌਮ ਦੁਬਾਰਾ ਤੁਸਾਂ ਨੇ ਇਸ ਨੂੰ ਫੇਰ ਜਗਾਇਆ,
ਤੁਸਾਂ ਜਿਹਾ ਕੋਈ ਸੰਤ ਸੂਰਮਾ ਨਹੀਂ ਮਿਲਣਾ ਆਸਾਨੀ ਏ,
ਕੌਮ ਦੀ ਖਾਤਿਰ ਵਾਰ.......................................।

ਸ਼ਹਿਰ ਵਿਆਨਾ ਵਿੱਚ ਤੁਸਾਂ ਨੇ ਜਦ ਸ਼ਹੀਦੀ ਪਾਈ,
ਪੂਰੀ ਖ਼ਲਕਤ ਮੇਰੇ ਦਾਤਾ ਗ਼ਮ ਦੇ ਵਿੱਚ ਸੀ ਛਾਈ,
ਤੁਸਾਂ ਦਾ ਜੱਗ ਤੇ ਮੇਰੇ ਦਾਤਾ ਕੋਈ ਨਾ ਸਾਨੀ ਏ,
ਕੌਮ ਦੀ ਖਾਤਿਰ ਵਾਰ.......................................।

ਤੁਸਾਂ ਦੀ ਸ਼ਹਾਦਤ ਨੇ ਮੇਰੇ ਦਾਤਾ ਕੌਮ ਨੂੰ ਇੱਕ ਧਾਗੇ ਵਿੱਚ ਪਰੋਇਆ,
ਕੀ ਬੱਚਾ ਕੀ ਬੁੱਢਾ ਹਰ ਕੋਈ ਧਾਹਾਂ ਮਾਰ ਮਾਰ ਰੋਇਆ,
ਹਰ ਕੋਈ ਕਹੇ ਕੌਮ ਦੀ ਖਾਤਿਰ ਦੇਣੀ ਕੁਰਬਾਨੀ ਏ,
ਕੌਮ ਦੀ ਖਾਤਿਰ ਵਾਰ.......................................।

ਕਾਂਸ਼ੀ ਨਗਰੀਆਂ ਬਲਵਿੰਦਰ ਤੁਸਾਂ ਨੂੰ ਲੱਖ ਲੱਖ ਕਰੇ ਪ੍ਰਣਾਮ,
ਤੁਸਾਂ ਦੇ ਦੱਸੇ ਰਾਸਤੇ ਚੱਲਕੇ ਵਧਾਵਾਂਗੇ ਕੌਮ ਦੀ ਸ਼ਾਨ,
ਕਈ ਵਾਰ ਝੱਲ ਕੇ ਦੇਖ ਲਈ ਹੁਣ ਕਦੇ ਨਾ ਝੱਲਣੀ ਹਾਨੀ ਏ,
ਕੌਮ ਦੀ ਖਾਤਿਰ ਵਾਰ.......................................।

# ਅਮਰ ਸ਼ਹੀਦਾਂ ਦੀਆਂ ਅਮਰ ਕਹਾਣੀਆਂ

ਗੀਤਕਾਰ – ਸ਼ਿੰਦਾ ਰਾਣੀ ਪੁਰ

ਅਮਰ ਸ਼ਹੀਦਾਂ ਦੀਆਂ ਅਮਰ ਕਹਾਣੀਆਂ,
ਇਹ ਜ਼ਿੰਦਗੀ 'ਚ ਕਦੇ ਵੀ ਭੁਲਾਈਆਂ ਨਹੀਂਓ ਜਾਣੀਆਂ।

ਵਿੱਚ ਵਿਆਨਾ ਹੋ ਗਏ ਸ਼ਹੀਦ ਰਾਮਾ ਨੰਦ ਜੀ,
ਨਫ਼ਰਤ ਵਾਲੀ ਜ਼ਾਲਮ ਦਿਲਾਂ 'ਚ ਪਾ ਕੰਧ ਜੀ,
ਕਰਦੇ ਰਹੇ ਧੋਖਾ ਸਾਡੇ ਨਾਲ ਬੇਈਮਾਨੀਆਂ,
ਇਹ ਜ਼ਿੰਦਗੀ 'ਚ ਕਦੇ ਵੀ ਭੁਲਾਈਆਂ ਨਹੀਂਓ ਜਾਣੀਆਂ।

ਰਜਿੰਦਰ ਕੁਮਾਰ ਬਲਕਾਰ ਤੇਲੂ ਰਾਮ ਨੂੰ,
ਕਰਨਾ ਕਬੂਲ ਵਿਜੈ ਸਾਡੇ ਪ੍ਰਣਾਮ ਨੂੰ,
ਹੱਸ ਹੱਸ ਕੌਮ ਉੱਤੋਂ ਵਾਰ ਗਏ ਜਵਾਨੀਆਂ,
ਇਹ ਜ਼ਿੰਦਗੀ 'ਚ ਕਦੇ ਵੀ ਭੁਲਾਈਆਂ ਨਹੀਂਓ ਜਾਣੀਆਂ।

ਦਿਲਾਂ ਦੇ ਵਿਹੜੇ ਚੋਂ ਯਾਦਾਂ ਪਾਉਣ ਸ਼ਿੰਦੇ ਫੇਰੀਆਂ,
ਹੰਝੂਆਂ ਨਾ ਝੜੀਆਂ ਲਗਾਉਂਣ ਅੱਖਾਂ ਮੇਰੀਆਂ ,
ਸ਼ਰਧਾ ਦੇ ਫੁੱਲ ਤੇਰੇ ਚਰਨਾਂ 'ਚ ਦਾਨੀਆਂ ,
ਇਹ ਜ਼ਿੰਦਗੀ 'ਚ ਕਦੇ ਵੀ ਭੁਲਾਈਆਂ ਨਹੀਂਓ ਜਾਣੀਆਂ।

# ਸ਼ਹੀਦ ਸੰਤ ਰਾਮਾ ਨੰਦ ਜੀ

– ਮਨਦੀਪ ਮੱਲ (ਅਬਾਦਪੁਰਾ)

ਸੁੱਤੀ ਸਦੀਆਂ ਦੀ ਕੌਮ ਜਗਾ ਗਏ,
ਸ਼ਹੀਦ ਸੰਤ ਰਾਮਾ ਨੰਦ ਜੀ ।

ਗੁਰੂ ਰਵਿਦਾਸ ਜੀ ਦਾ ਨਾਮ ਧਿਆਉਂਦੇ ਸੀ,
ਮਹਿਮਾ ਸੁਆਮੀ ਸਰਵਣ ਦਾਸ ਜੀ ਦੀ ਗਾਉਂਦੇ ਸੀ,
ਮਿਸ਼ਨ ਗੁਰੂ ਰਵਿਦਾਸ ਜੀ ਦਾ ਉਹ ਜੱਗ 'ਚ ਫੈਲਾ ਗਏ
ਸ਼ਹੀਦ ਸੰਤ ਰਾਮਾ ਨੰਦ ਜੀ ।

ਸਾਧੂਆਂ 'ਚ ਸਾਧੂ ਉਹ ਵੈਦਾਂ ਵਿੱਚੋ ਵੈਦ ਸੀ,
ਡੇਰੇ ਵਿੱਚ ਉਹਨਾਂ ਨਾਲ ਰਹਿੰਦੀ ਚਹਿਲ ਪਹਿਲ ਸੀ,
ਵਜ਼ੀਰ ਸੰਗਤਾਂ ਤੋਂ ਡੇਰੇ ਦਾ ਕਹਾ ਗਏ,
ਸ਼ਹੀਦ ਸੰਤ ਰਾਮਾ ਨੰਦ ਜੀ ।

ਹਰ ਵੇਲੇ ਮਹਿਮਾ ਹਰੀ ਨਾਮ ਵਾਲੀ ਗਾਉਂਦੇ ਸੀ,
ਅੰਮ੍ਰਿਤਬਾਣੀ ਪੜ੍ਹ ਸਭ ਨੂੰ ਸੁਣਾਉਂਦੇ ਸੀ,
ਜੰਜ਼ੀਰਾਂ ਗੁਲਾਮੀ ਦੀਆਂ ਕੌਮ ਉੱਤੋਂ ਲਾਹ ਗਏ,
ਸ਼ਹੀਦ ਸੰਤ ਰਾਮਾ ਨੰਦ ਜੀ ।

ਡੇਰੇ ਦੀ ਸੇਵਾ ਦੇ ਵਿੱਚ ਸਦਾ ਲੱਗੇ ਰਹਿੰਦੇ ਸੀ,
ਸੇਵਾ ਤੋਂ ਬਿਨਾਂ ਉਹ ਇੱਕ ਪਲ ਵੀ ਨਾ ਰਹਿੰਦੇ ਸੀ,
ਦਾਸ ਸੰਗਤਾਂ ਦਾ ਖੁਦ ਨੂੰ ਕਹਾ ਗਏ,
ਸ਼ਹੀਦ ਸੰਤ ਰਾਮਾ ਨੰਦ ਜੀ ।

ਸ਼ਹੀਦੀ ਪਾ ਕੇ ਧਰਮ ਰਵਿਦਾਸੀਆਂ ਨੂੰ ਦੇ ਗਏ,
ਸੰਗਤਾਂ ਦੇ ਦਿਲਾਂ ਵਿੱਚ ਸਦਾ ਲਈ ਬਹਿ ਗਏ,
ਡੋਰ ਧਰਮ ਦੀ ਬਾਵਾ ਜੀ ਨੂੰ ਫੜਾ ਗਏ,
ਸ਼ਹੀਦ ਸੰਤ ਰਾਮਾ ਨੰਦ ਜੀ ।

# ਘਟਨਾ ਸ਼ਹਿਰ ਵਿਆਨਾ ਦੀ........

– ਕਾਲਾ ਪਧਿਆਣੀਆਂ

ਨਾਗਰ ਮੱਲ ਦਾ ਮਹਿਲ ਤੇ ਘਟਨਾ ਸ਼ਹਿਰ ਵਿਆਨਾ ਦੀ,
ਦੋਨੋਂ ਲਿਖੀਆਂ ਗਈਆਂ ਨੇ ਸਾਡੇ ਦਿਲ ਦੇ ਪੰਨਿਆਂ ਤੇ।
ਇੱਕੋ ਰੰਗ ਮਜੀਠੀ ਦਾ ਗੁਰੂ ਹੋਕਾਂ ਲਾਉਂਦੇ ਰਹੇ,
ਮਹਿੰਗਾ ਪਿਆ ਸਾਨੂੰ ਡੁੱਲਣਾ ਸਦਾ ਹੀ ਵੰਨ ਸੁਵੰਨਿਆਂ ਤੇ।

ਆਪਣੀ ਰੰਬੀ ਦੇ ਨਾਲ ਚੀਰੇ ਪਾਉਣੇ ਸੌਖੇ ਨਹੀਂ ।
ਚੌਹ ਯੁੱਗਾਂ ਦੇ ਜੰਜੂ ਕੱਢ ਦਿਖਾਉਣੇ ਸੌਖੇ ਨਹੀਂ।
ਪਾਉਂਦੇ ਨਾ ਮੁੱਲ ਆਪਣਿਆਂ ਦੀ ਜੋ ਕੁਰਬਾਨੀ ਦਾ,
ਰੁਲ੍ਹਦੇ ਰਹਿੰਦੇ ਸਦਾ ਬੇਗਾਨੀਆਂ ਵੱਟਾ-ਬੰਨਿਆਂ ਤੇ,
ਨਾਗਰ ਮੱਲ ਦਾ ਮਹਿਲ ਤੇ ਘਟਨਾ ਸ਼ਹਿਰ ਵਿਆਨਾ ਦੀ।

ਉਹ ਤਾਂ ਆਪਣੀ ਪੱਤ ਬਚਾਉਣ ਲਈ ਪਲ ਵਿੱਚ ਆ ਜਾਂਦੇ।
ਭਰੇ ਦੀਵਾਨ 'ਚ ਆਪਣਿਆਂ ਤੇ ਪਰਦੇ ਪਾ ਜਾਂਦੇ।
ਇੱਕ ਆਵਾਜ਼ ਦਰੋਪਤੀ ਮਾਰੀ ਹਾਜ਼ਰ ਹੋ ਗਏ ਜੋ,
ਉਹ ਹੋਰਾਂ ਵਾਰੀ ਕਿਉਂ ਨਾ ਬਹੁੜੇ ਹੱਥ ਵੀ ਬੰਨਿਆ ਤੇ,
ਨਾਗਰ ਮੱਲ ਦਾ ਮਹਿਲ ਤੇ ਘਟਨਾ ਸ਼ਹਿਰ ਵਿਆਨਾ ਦੀ।

ਆਪਣਿਆਂ ਦੀ ਮੌਤ ਦਾ ਡਰ ਫਿਰ ਜਦੋਂ ਸਤਾਉਂਦਾ ਏ,
ਇੱਕ ਗੁਰੂ ਇਕਲਵਿਆ ਦਾ ਅੰਗੂਠਾ ਕਟਾਉਂਦਾ ਏ।
ਕਾਲੇ ਪਧਿਆਣੀਆ ਹਰ ਘਟਨਾ ਰਹਿਬਰ ਸਮਝਾਉਂਦੇ ਰਹੇ,
ਫੇਰ ਕਿਉਂ ਨਈ ਰੱਖ ਸਕੇ ਅਸੀਂ ਅੱਖ ਚੁਕੰਨਿਆਂ ਤੇ,
ਨਾਗਰ ਮੱਲ ਦਾ ਮਹਿਲ ਤੇ ਘਟਨਾ ਸ਼ਹਿਰ ਵਿਆਨਾ ਦੀ,
ਦੋਨੋਂ ਲਿਖੀਆਂ ਗਈਆਂ ਨੇ ਸਾਡੇ ਦਿਲ ਦੇ ਪੰਨਿਆਂ ਤੇ।

# ਸੰਤਾਂ ਦੀ ਕੁਰਬਾਨੀ

– ਸਤਪਾਲ ਸਾਹਲੋਂ

ਕੌਮ ਤੋਂ ਜ਼ਿੰਦਗੀ ਵਾਰ ਕੇ ਕੀਤੀ ਨੇਕ ਕਮਾਈ ਏ।
ਸੰਤਾਂ ਦੀ ਕੁਰਬਾਨੀ ਵੱਖਰਾ ਰੰਗ ਲਿਆਈ ਏ।

ਕੌਮ ਮੇਰੀ ਦਾ ਜੱਗ ਵਿੱਚ ਮਾਣ ਵਧਾਇਆ ਸਤਿਗੁਰਾਂ ਨੇ।
ਦੇ ਕੁਰਬਾਨੀ ਅੰਬਰਾਂ ਤੱਕ ਪਹੁੰਚਾਇਆ ਸਤਿਗੁਰਾਂ ਨੇ।
ਇਹ ਉਸੇ ਦੀ ਮਹਿਮਾ ਉਸ ਦੀ ਹੀ ਵਡਿਆਈ ਏ।
ਸੰਤਾਂ ਦੀ ਕੁਰਬਾਨੀ ਵੱਖਰਾ ਰੰਗ ਲਿਆਈ ਏ।

ਹਰ ਹਿਰਦੇ ਵਿੱਚ ਸੱਚ ਦਾ ਦੀਪ ਜਗਾਇਆ ਸਤਿਗੁਰਾਂ ਨੇ।
ਹਰ ਇੱਕ ਵਿਹੜੇ ਤਾਈਂ ਹੈ ਮਹਿਕਾਇਆ ਸਤਿਗੁਰਾਂ ਨੇ।
ਸੁੱਤੀ ਗੈਰਤ ਸਦੀਆਂ ਦੀ ਉਨ੍ਹਾਂ ਆਪ ਜਗਾਈ ਏ।
ਸੰਤਾਂ ਦੀ ਕੁਰਬਾਨੀ ਵੱਖਰਾ ਰੰਗ ਲਿਆਈ ਏ।

ਮਨ ਚੋਂ ਭੈਅ ਭੁਲਾ ਕੇ ਹੱਕਾਂ ਦੇ ਲਈ ਮਰਦੇ ਨੇ।
ਲੇਖਾ ਜੋਖਾ ਖ਼ੂਨ ਪਸੀਨੇ ਦਾ ਸਭ ਕਰਦੇ ਨੇ।
'ਸਾਹਲੋਂ ਸਤਪਾਲ' ਤਲੀ ਤੇ ਸਭਨਾ ਜਿੰਦ ਟਿਕਾਈ ਏ।
ਸੰਤਾਂ ਦੀ ਕੁਰਬਾਨੀ ਵੱਖਰਾ ਰੰਗ ਲਿਆਈ ਏ।

# ਸਾਡੇ ਵਾਗੂੰ......

### ਗੀਤ- ਬੰਗੜ ਰਾਏਪੁਰੀ

ਅਸੀਂ ਤੁਰ ਚੱਲੇ ਘਰ ਰੱਬ ਦੇ ਸੰਗਤੇ ਗਮ ਨਾ ਕਰਨਾ,
ਸਾਡੇ ਵਾਗੂੰ ਸਿੱਖ ਲਓ ਕੌਮ ਦੀ ਖਾਤਰ ਮਰਨਾ।

ਸੋਨੇ ਵਿੱਚ ਮੰਦਰ ਮੜ੍ਹਉਣੇ ਦਾ ਸੀ ਸੁਪਨਾ ਸਾਡਾ,
ਅਸੀਂ ਸ਼ੁਰੂਆਤ ਕਰ ਚੱਲੇ ਬਾਕੀ ਫ਼ਰਜ਼ ਤੁਹਾਡਾ।
ਇਹ ਕਾਰਜ ਪੂਰਾ ਕੀਤੇ ਬਿਨਾਂ ਸਾਡਾ ਨਹੀਂ ਸਰਨਾ,
ਸਾਡੇ ਵਾਗੂੰ ਸਿੱਖ ਲਓ ਕੌਮ ਦੀ ਖਾਤਰ ਮਰਨਾ।

ਸਾਨੂੰ ਕਈ ਮੁਸੀਬਤਾਂ ਆਉਣੀਆ ਗੁਰੂ ਸਰਵਣ ਦਾਸ ਜੀ ਕਹਿ ਗਏ,
ਸਭ ਗੱਲਾਂ ਸੱਚੀਆਂ ਸਿੱਧ ਹੋਈਆਂ ਅਸੀਂ ਤੱਕਦੇ ਰਹਿ ਗਏ।
ਅਸੀਂ ਗੁਰਾਂ ਦਾ ਮਿਸ਼ਨ ਫੈਲਾਉਣਾ ਗੋਲੀਆਂ ਤੋ ਨਹੀਂ ਡਰਨਾ,
ਸਾਡੇ ਵਾਗੂੰ ਸਿੱਖ ਲਓ ਕੌਮ ਦੀ ਖਾਤਰ ਮਰਨਾ।

ਸੀ ਲੋੜ ਮੇਰੀ ਕੁਰਬਾਨੀ ਦੀ ਮੈਂ ਕੁਝ ਨਾ ਬੋਲਿਆ,
ਮੈਨੂੰ ਸਿਦਕ ਗੁਰੂ ਰਵਿਦਾਸ ਦਾ ਤਾਹੀਂਓ ਖੂਨ ਡੋਲ੍ਹਿਆ।
ਸਿੱਖਿਆ ਨਾ ਮੌਤੋਂ ਡਰਕੇ ਪੈਰ ਪਿੱਛੇ ਨੂੰ ਕਰਨਾ,
ਸਾਡੇ ਵਾਗੂੰ ਸਿੱਖ ਲਓ ਕੌਮ ਦੀ ਖਾਤਰ ਮਰਨਾ।

ਹੁੰਦੀ ਏ ਬੁਰੀ ਗੁਲਾਮੀ ਸਤਿਗੁਰਾਂ ਨੇ ਫ਼ੁਰਮਾਇਆ,
ਸਮਾਜਬਾਦ ਕੁਰਬਾਨੀਆਂ ਬਾਝੋਂ ਕਦੇ ਨਾ ਆਇਆ।
ਰਾਏਪੁਰੀ 'ਬੰਗੜ' ਸੱਚ ਆਖੇ ਝੂਠ ਨਾ ਤਰਨਾ,
ਸਾਡੇ ਵਾਗੂੰ ਸਿੱਖ ਲਓ ਕੌਮ ਦੀ ਖਾਤਰ ਮਰਨਾ।

# ਐਵੇਂ ਤਾਂ ਨੀ ਅਮਰ ਕਹਾਉਂਦੇ ਸੰਤ ਰਾਮਾਨੰਦ।

– ਜਸਵਿੰਦਰ ਰਈਆ

ਗੁਰੂ ਰਵਿਦਾਸ ਦਾ ਮਿਸ਼ਨ ਵਧਾਇਆ ਕਰ ਹੌਂਸਲਾ ਬੁਲੰਦ,
ਐਵੇਂ ਤਾਂ ਨੀ ਅਮਰ ਕਹਾਉਂਦੇ ਸੰਤ ਰਾਮਾਨੰਦ।

ਮਹਿੰਗਾ ਰਾਮ ਤੇ ਜੀਤ ਕੌਰ ਦੇ ਸੀ ਅੱਖੀਆਂ ਦੇ ਤਾਰੇ,
ਡੇਰਾ ਸੱਚ ਖੰਡ ਬੱਲਾਂ ਵਿੱਚ ਆ ਗਏ ਚਾਨਣ ਮੁਰਾਰੇ,
ਸੁਣ ਪ੍ਰਵਚਨ ਸੀ ਸੰਤਾਂ ਦੇ ਆਉਂਦਾ ਬੜਾ ਆਨੰਦ,
ਐਵੇਂ ਤਾਂ ਨੀ ਅਮਰ ਕਹਾਉਂਦੇ ਸੰਤ ਰਾਮਾਨੰਦ।

ਚੋਹੁੰ ਦਿਸ਼ਾਵਾਂ ਦੇ ਵਿੱਚ ਝੰਡਾ ਹਰਿ ਦਾ ਏ ਅੱਜ ਝੁੱਲਦਾ,
ਜੇ ਨਾ ਆਉਂਦੇ ਜੱਗ ਤੇ ਨਾ ਮੁਕਤੀ ਦਾ ਰਾਸਤਾ ਖੁੱਲਦਾ,
ਵਿੱਚ ਗੁਲਾਮੀ ਜੀਣ ਦਾ ਔਖਾ ਸੀ ਏ ਪੰਧ,
ਐਵੇਂ ਤਾਂ ਨੀ ਅਮਰ ਕਹਾਉਂਦੇ ਸੰਤ ਰਾਮਾਨੰਦ।

ਰਈਏ ਦੇ ਜਸਵਿੰਦਰਾ ਉਹਨਾਂ ਸਾਡੇ ਤੇ ਕਰਮ ਕਮਾਇਆ,
ਖਾ ਕੇ ਗੋਲ਼ੀਆਂ ਸੀਨੇ ਵਿੱਚ ਰਵਿਦਾਸੀਆਂ ਨੂੰ ਰੁਸ਼ਨਾਇਆ,
ਪੀ ਕੇ ਜਾਮ ਸ਼ਹੀਦੀ ਹੁੰਦਾ ਏ ਸਮਾਂ ਬੜਾ ਪਾਬੰਦ,
ਐਵੇਂ ਤਾਂ ਨੀ ਅਮਰ ਕਹਾਉਂਦੇ ਸੰਤ ਰਾਮਾਨੰਦ।

# ਹੁਣ ਆ ਗਿਆ ਸਮਾਂ ਰਵਿਦਾਸੀਆ ਦਾ

– ਪਿੰਦਾ ਪਟਵਾਰੀ ਭਬਿਆਣਾ

ਕੰਨਾਂ ਵਿੱਚ ਸਿੱਕੇ ਪੁਆਉਣੇ ਨਹੀਂ, ਹੁਣ ਛਾਪੇ ਮਗਰ ਬਨਾਉਣੇ ਨਹੀਂ
ਗੁਰੂ ਰਵਿਦਾਸ ਦੀ ਜੈ ਹੋਵੇ ਨਿਰਭੈਅ ਹੋ ਕੇ ਜੈਕਾਰੇ ਲਾ ਦਿਆਂਗੇ,
ਹੁਣ ਆ ਗਿਆ ਸਮਾਂ ਰਵਿਦਾਸੀਆਂ ਦਾ ਹਰਿ ਹਰਿ ਦੇ ਝੰਡੇ ਝੁਲਾ ਦਿਆਂਗੇ।

ਜਿਹਨੂੰ ਨੀਚ ਨੀਚ ਕਹਿੰਦੇ ਸੀ ਨੀਚੋਂ ਊਚ ਬਣਾਉਂਦਾ ਉਹ ,
ਕਦੇ ਕਰਦਾ ਰੱਖਿਆ ਮੀਰਾਂ ਦੀ ਕਦੇ ਜੰਜੂ ਕੱਢ ਦਿਖਾਉਂਦਾ ਉਹ,
ਜੋ ਨੀਚ ਨੀਚ ਸਾਨੂੰ ਆਖਣਗੇ ਉਹਨਾਂ ਨੂੰ ਭਾਜੜ ਪਾ ਦਿਆਂਗੇ,
ਹੁਣ ਆ ਗਿਆ ਸਮਾਂ ਰਵਿਦਾਸੀਆਂ ਦਾ ਹਰਿ ਹਰਿ ਦੇ ਝੰਡੇ ਝੁਲਾ ਦਿਆਂਗੇ।

ਦੌਰੀ ਦਾ ਅੰਮ੍ਰਿਤ ਪੀ ਲਵੇ ਜੋ ਉਹਨੂੰ ਗਿੱਦੜੋ ਸ਼ੇਰ ਬਣਾ ਦਿੰਦਾ,
ਤੁਸੀਂ ਗੱਲ ਕੀ ਕਰਦੇ ਬੰਦਿਆਂ ਦੀ ਪਾਣੀ ਤੇ ਪੱਥਰ ਤਰਾ ਦਿੰਦੇ,
ਜੇ ਲੋੜ ਪਈ ਤਾਂ ਫ਼ਾਸੀ ਨੂੰ ਚੁੰਮ ਕੇ ਗਲੇ ਨਾਲ ਲਾ ਦਿਆਂਗੇ,
ਹੁਣ ਆ ਗਿਆ ਸਮਾਂ ਰਵਿਦਾਸੀਆਂ ਦਾ ਹਰਿ ਹਰਿ ਦੇ ਝੰਡੇ ਝੁਲਾ ਦਿਆਂਗੇ।

ਜਿਹੜੀ ਪਾਈ ਸ਼ਹੀਦੀ ਰਾਮਾ ਨੰਦ ਉਹਨੂੰ ਕਿੱਦਾ ਭੁਲਾ ਦਈਏ,
ਪਿੰਦੇ ਪਟਵਾਰੀ ਕੌਮ ਦੀ ਖਾਤਿਰ ਜਿੰਦ ਲੇਖੇ ਵਿੱਚ ਲਾ ਦਈਏ,
ਫਿਰ ਵੀ ਨਾ ਆਏ ਬਾਜ ਪਾਪੀ ਇੱਕੀਆਂ ਦੇ ਕੱਤੀ ਪਾ ਦਿਆਂਗੇ,
ਹੁਣ ਆ ਗਿਆ ਸਮਾਂ ਰਵਿਦਾਸੀਆਂ ਦਾ ਹਰਿ ਹਰਿ ਦੇ ਝੰਡੇ ਝੁਲਾ ਦਿਆਂਗੇ।

# ਸੰਤ ਰਾਮਾ ਨੰਦ ਯੋਧਾ ਹੋਇਆ ਬਲਕਾਰੀ

– ਸੁੱਖਵਿੰਦਰ ਵਿਰਦੀ

ਸੰਤ ਰਾਮਾ ਨੰਦ ਯੋਧਾ ਹੋਇਆ ਬਲਕਾਰੀ, ਕੌਮ ਉੱਤੋਂ ਜਿਹੜਾ ਵਾਰ ਗਿਆ ਜਾਨ ਜੀ,
ਰਵਿਦਾਸੀਆ ਧਰਮ ਦਾ ਕਰੇ ਜੋ ਪ੍ਰਚਾਰ, ਪਾਪੀ ਕਰ ਗਏ ਸੀ ਧੋਖਾ ਉਹਨਾਂ ਨਾਲ ਜੀ,
ਖ਼ੂਨ ਨਾਲ ਲੱਤਪਤ ਹੋ ਗਿਆ ਸੀ ਸ਼ੇਰ, ਜੈਕਾਰੇ ਗੁਰੂ ਰਵਿਦਾਸ ਦੇ ਲਗਾ ਰਿਹਾ,
ਸੌਂ ਗਿਆ ਉਹ ਨੀਂਦ ਜਿਹਦਾ ਹੋਵੇ ਨਾ ਸਵੇਰਾ, ਵਿੱਚ ਬੁੱਕਲ ਦੇ ਗੁਰਾਂ ਦੇ ਸਮਾ ਗਿਆ।

ਵਿੱਚ ਉਹ ਵਿਆਨਾ ਪ੍ਰਚਾਰ ਲਈ ਗਏ ਸੀ, ਸਭ ਸੰਗਤਾਂ ਸੀ ਉਹਨਾਂ ਦੀ ਉਡੀਕ ਤੇ,
ਲੋਕਾਂ ਦੀਆ ਅੱਖਾਂ ਵਾਲੇ ਹੰਝੂ ਪਏ ਦੱਸਦੇ, ਗਮ ਉਹਨਾਂ ਨੂੰ ਉਡੀਕ ਵਾਲਾ ਖਾ ਰਿਹਾ,
ਸੌਂ ਗਿਆ ਉਹ ਨੀਂਦ ਜਿਹਦਾ ਹੋਵੇ ਨਾ ਸਵੇਰਾ, ਵਿੱਚ ਬੁੱਕਲ ਦੇ ਗੁਰਾਂ ਦੇ ਸਮਾ ਗਿਆ।

ਪੜ੍ਹ ਲਿਖ ਹੋਇਆ ਸੀ ਜੁਆਨ ਜਦ ਸੂਰਮਾ, ਉਹ ਧਰਤੀ ਬੱਲਾਂ ਦੀ ਤੇ ਆਇਆ ਸੀ,
ਸਿੱਖਿਆ ਸੀ ਲੈ ਲਈ ਗੁਰੂ ਸਰਵਣ ਦਾਸ ਜੀ ਦੀ , ਪੂਰਾ ਜਨਮ ਲੇਖੇ ਵਿੱਚ ਲਾਇਆ ਸੀ,
ਸੋਨੇ ਵਿੱਚ ਮੜ੍ਹਨਾ ਏ ਮੰਦਰ ਗੁਰਾਂ ਦਾ, ਉਹਨੂੰ ਆਪਣਾ ਧਰਮ ਸੀ ਬਣਾ ਲਿਆ,
ਸੌਂ ਗਿਆ ਉਹ ਨੀਂਦ ਜਿਹਦਾ ਹੋਵੇ ਨਾ ਸਵੇਰਾ, ਵਿੱਚ ਬੁੱਕਲ ਦੇ ਗੁਰਾਂ ਦੇ ਸਮਾ ਗਿਆ।

ਪੂਰਾ ਸੀ ਜੋ ਧਨੀ ਰਾਗ ਵਿੱਦਿਆ ਦਾ ਆਪੇ, ਮਨ ਸਾਧੂਆਂ ਦੀ ਸੇਵਾ ਵਿੱਚ ਲਾਇਆ ਸੀ
ਪੂਰੇ ਹੀ ਸਮਾਜ ਦੀਆਂ ਸੰਗਤਾਂ ਨੇ ਉਹਨੂੰ, ਲੜ ਗੁਰੂ ਰਵਿਦਾਸ ਜੀ ਦੇ ਲਾਇਆ ਸੀ,
ਕਰ ਗਿਆ ਘਰ ਉਹ ਤਾਂ ਸੰਗਤਾਂ ਦੇ ਦਿਲਾਂ ਵਿੱਚ, ਬੱਚੇ ਬੱਚੇ ਨਾਲ ਏਨਾ ਲਗਾ ਰਿਹਾ,
ਸੌਂ ਗਿਆ ਉਹ ਨੀਂਦ ਜਿਹਦਾ ਹੋਵੇ ਨਾ ਸਵੇਰਾ, ਵਿੱਚ ਬੁੱਕਲ ਦੇ ਗੁਰਾਂ ਦੇ ਸਮਾ ਗਿਆ।

ਕੌਮ ਕੁਰਬਾਨੀ ਤੇਰੀ ਭੁੱਲੇਗੀ ਨਾ ਕਦੇ, ਦਿਲਾਂ ਵਿੱਚ ਰਹੂ ਵਸੀ ਤੇਰੀ ਯਾਦ ਜੀ,
ਸੁੱਖਵਿੰਦਰਾਂ ਕੀ ਰਹਿਬਰਾਂ ਨੇ ਏਦਾ ਤੁਰੀ ਜਾਣਾ, ਜੇ ਨਾ ਜਾਗਿਆ ਦਲਿਤ ਸਮਾਜ ਜੀ,
ਸੰਤ ਰਾਮਾਨੰਦ ਜੀ ਦਾ ਵਿਛੋੜਾ ਸਾਰੀ ਕੌਮ ਤਾਈ, ਚੇਤਨਾ ਦੇ ਮਗ ਤੇ ਲਾ ਗਿਆ,
ਸੌਂ ਗਿਆ ਉਹ ਨੀਂਦ ਜਿਹਦਾ ਹੋਵੇ ਨਾ ਸਵੇਰਾ, ਵਿੱਚ ਬੁੱਕਲ ਦੇ ਗੁਰਾਂ ਦੇ ਸਮਾ ਗਿਆ।

# ਸ਼੍ਰੀ 108 ਸੰਤ ਰਾਮਾਨੰਦ ਜੀ ਨਾਲ ਬਿਤਾਏ ਦਿਨਾਂ ਦੀਆਂ ਯਾਦਾਂ

ਵੈਸੇ ਤਾਂ ਜਦੋਂ ਦੇ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦੇ ਲੜ ਲੱਗਣ ਦਾ ਸੁਭਾਗ ਪ੍ਰਾਪਤ ਹੋਇਆ ਹੈ ਉਸ ਸਮੇਂ ਤੋਂ ਹੀ ਹਰ ਹਫ਼ਤੇ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਜਾਣ ਦਾ ਮੌਕਾ ਮਿਲਦਾ ਰਿਹਾ ਹੈ। ਆਪਣੇ ਰਹਿਬਰ ਪਰਮ ਪੂਜਯ ਸ਼੍ਰੀ 108 ਸੰਤ ਗਰੀਬ ਦਾਸ ਗੁਰਦੇਵ ਜੀ ਪਾਸ ਤਾਂ ਕਈ ਕਈ ਘੰਟੇ ਅਤੇ ਕਈ ਕਈ ਦਿਨ ਰਾਤ ਵੀ ਰਹਿਣ ਦਾ ਮੌਕਾ ਮਿਲਦਾ ਰਿਹਾ ਹੈ। ਅੱਜ ਉਹ ਵਕਤ ਮੁੜ ਕੇ ਨਜ਼ਰ ਨਹੀਂ ਆ ਰਿਹਾ। ਸ਼੍ਰੀ 108 ਸੰਤ ਨਿਰੰਜਣ ਦਾਸ ਜੀ ,ਸ਼੍ਰੀ 108 ਸੰਤ ਰਾਮਾ ਨੰਦ ਜੀ ਅਤੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨਾਲ ਕਈ ਵਾਰ ਇੱਕੋ ਹੀ ਗੱਡੀ ਵਿੱਚ ਸਵਾਰ ਹੋ ਕੇ ਸਫ਼ਰ ਕਰਨ ਦਾ ਆਨੰਦ ਵੀ ਅਨੁਭਵ ਹੁੰਦਾ ਰਿਹਾ ਹੈ।

ਮੈਨੂੰ ਯਾਦ ਹੈ ਕਿ ਇੱਕ ਵਾਰ ਹਦੀਆਬਾਦ ਵਿਖੇ ਸਕੂਲ ਅਤੇ ਗੁਰੂ ਘਰ ਵਿੱਚ ਭਰਤੀ ਦੀ ਸੇਵਾ ਚਲ ਰਹੀ ਸੀ। ਗਰਮੀਆਂ ਦੇ ਦਿਨ ਸਨ ਮਹਾਰਾਜ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਅਤੇ ਸ਼੍ਰੀ 108 ਸੰਤ ਰਾਮਾ ਨੰਦ ਜੀ ਵਕਤ ਕਰੀਬ ਸ਼ਾਮ ਦੇ 7 ਵਜੇ ਦਾ ਹੋਵੇਗਾ ਮੈਨੂੰ ਵੀ ਕਾਰ ਵਿੱਚ ਬੈਠਣ ਦਾ ਹੁਕਮ ਕੀਤਾ।ਮਰੂਤੀ ਕਾਰ ਜਿਸ ਨੂੰ ਡੀ.ਸੀ ਭਾਟੀਆ ਸਾਹਿਬ ਚਲਾ ਰਹੇ ਸਨ।ਸ਼ਾਮ ਦਾ ਵਕਤ ਹੋਣ ਕਾਰਣ ਮੈਂ ਆਪਣੀ ਧਰਮ ਪਤਨੀ ਨੂੰ ਕਿਹਾ ਕਿ ਆਪ ਘਰ ਪਹੁੰਚ ਜਾਓ ਮੈਨੂੰ ਪਤਾ ਨਹੀਂ ਕਿੰਨਾ ਸਮਾਂ ਲੱਗੇ ਉਹ ਡੇਰਿਉਂ ਵਾਪਿਸ ਘਰ ਆ ਗਈ ਅਤੇ ਮੈਂ ਗੱਡੀ ਵਿੱਚ ਬੈਠ ਗਿਆ।ਮੇਰੇ ਵਿੱਚ ਏਨਾ ਹੌਂਸਲਾ ਨਹੀਂ ਪਿਆ ਕਿ ਮੈਂ ਸੰਤਾਂ ਨੂੰ ਪੁੱਛ ਸਕਾਂ ਕਿ ਕਿਥੇ ਜਾਣਾ ਹੈ ਅਤੇ ਕਦੋਂ ਵਾਪਿਸ ਪਰਤਣਾ ਹੈ? ਰਾਸਤੇ ਵਿੱਚ ਸ਼੍ਰੀ 108 ਸੰਤ ਰਾਮਾਨੰਦ ਜੀ ਨੇ ਇੱਕ ਟੋਕਰੀ ਫਰੂਟ ਦੀ ਲਈ ਅਤੇ 10 ਕਿਲੋ ਮਠਿਆਈ ਲੈ ਕੇ ਗੱਡੀ ਵਿੱਚ ਰਖਵਾ ਲਈ। ਥੋੜ੍ਹੀ ਦੇਰ ਬਾਅਦ ਹਨੇਰੇ ਨੂੰ ਚੀਰਦੀ ਹੋਈ ਗੱਡੀ ਦਾਦੂਵਾਲ ਦੇ ਟਿੱਬੇ ਵਿੱਚ ਪਹੁੰਚ ਗਈ ਜਿਥੇ ਬਹੁਤ ਸਾਰੇ ਸੇਵਾਦਾਰ ਟਰਾਲੀਆਂ ਭਰ ਰਹੇ ਸਨ। ਮਹਾਰਾਜ ਜੀ ਨੇ ਅਰਦਾਸ ਕੀਤੀ ਪਾਸ ਹੀ ਇੱਕ ਡੇਰਾ ਸੀ ਜਿੱਥੋਂ ਦੇ ਜਿਮੀਂਦਾਰ ਪਰਿਵਾਰ ਨੇ ਆ ਕੇ ਮਹਾਂਪੁਰਸ਼ਾਂ ਨੂੰ ਨਮਸਕਾਰ ਕੀਤੀ।

ਸੰਤ ਰਾਮਾਨੰਦ ਜੀ ਨੇ ਸਾਰੇ ਸੇਵਾਦਾਰਾਂ ਨੂੰ ਫਰੂਟ ਅਤੇ ਮਠਿਆਈ ਆਪਣੇ ਕਰ ਕਮਲਾਂ ਨਾਲ ਵੰਡੀ। ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੂੰ ਪਾਸ ਹੀ ਕੁਰਸੀ ਤੇ ਬਿਰਾਜਮਾਨ ਕਰ ਦਿੱਤਾ। ਸੰਤ ਰਾਮਾ ਨੰਦ ਜੀ ਨੇ ਪੂਰੇ ਦੋ ਘੰਟੇ ਆਪਣੇ ਹੱਥੀਂ ਟਰਾਲੀਆਂ ਭਰੀਆਂ ਅਤੇ ਸੇਵਾ ਕੀਤੀ। ਆਪ ਪਸੀਨੇ ਨਾਲ ਭਿੱਜੇ ਹੋਏ ਸਨ।ਮੈਂ ਅਤੇ ਡੀ.ਸੀ ਭਾਟੀਆ ਸਾਹਿਬ ਨੇ ਵੀ ਸਮਰੱਥਾ ਮੁਤਾਬਿਕ ਹਿੱਸਾ ਪਾਇਆ ।ਫਿਰ ਅਸੀਂ ਕਰੀਬ 11 ਵਜੇ ਰਾਤ ਉੱਥੋਂ ਚੱਲੇ। ਧਨੀ ਪਿੰਡ ਵਿੱਚ ਇੱਕ ਬਜੁਰਗ ਮਾਤਾ ਜੀ ਦੀ ਅੰਤਿਮ ਅਰਦਾਸ ਲਈ ਘਰ ਵਿੱਚ ਆਖੰਡ ਪਾਠ ਦੇ ਜਾਪ ਚੱਲ ਰਹੇ ਸਨ।ਉਸ ਘਰ ਵਿੱਚ ਰਾਤ ਨੂੰ ਹੀ ਹਾਜ਼ਰੀ ਭਰੀ ਅਤੇ ਫਿਰ ਹਦੀਆਬਾਦ ਇੱਕ ਸੇਵਕ ਦੇ ਘਰ ਵਿੱਚ ਖਾਣਾ ਖਾਧਾ ਅਤੇ ਕਰੀਬ 1 ਵਜੇ ਡੇਰੇ

ਵਾਪਿਸ ਪਹੁੰਚੇ। ਮੈਂ ਸਤਿਗੁਰਾਂ ਪਾਸੋਂ ਇਜਾਜ਼ਤ ਮੰਗੀ। ਮਹਾਰਾਜ ਜੀ ਨੇ ਡੇਰੇ ਵਿੱਚ ਰਾਤ ਰਹਿਣ ਦਾ ਹੁਕਮ ਕੀਤਾ ਪ੍ਰੰਤੂ ਆਪਣੀ ਮਜਬੂਰੀ ਦੱਸਣ ਤੇ ਮੈਨੂੰ ਇਜਾਜ਼ਤ ਮਿਲ ਗਈ। ਸਤਿਗੁਰਾਂ ਦਾ ਹੱਥ ਸਿਰ ਤੇ ਹੋਣ ਕਾਰਣ ਮਾੜੇ ਹਾਲਾਤਾਂ ਵਿੱਚ ਵੀ ਰਾਤ ਦੇ ਵਕਤ ਘਰ ਪਹੁੰਚ ਗਿਆ ਕੋਈ ਡਰ ਭੈਅ ਨਹੀਂ ਸੀ। ਇੱਥੇ ਹੀ ਬੱਸ ਨਹੀਂ ਜਦੋਂ ਡੇਰੇ ਵਿੱਚ ਡਿਓੜੀ ਉਪੱਰਲੀਆਂ ਜਿੰਨੀਆਂ ਮੰਜ਼ਿਲਾਂ ਤੇ ਸੇਵਾ ਚਲਦੀ ਸੀ ਅਤੇ ਕਠਾਰ ਹਸਪਤਾਲ ਦੇ ਨੀਂਹ ਪੱਥਰ ਰੱਖਣ ਉਪਰੰਤ ਲਗਾਤਾਰ ਕਾਰ ਸੇਵਾ ਵਿੱਚ ਸੰਤ ਰਾਮਾਨੰਦ ਜੀ ਨਾਲ ਹਿੱਸਾ ਲੈਣ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ।

ਸ਼੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਦੀ ਉਸਾਰੀ ਵਿੱਚ ਵੀ ਸੰਤ ਰਾਮਾ ਨੰਦ ਜੀ ਹੱਥੀਂ ਮਿਹਨਤ ਕਰਦੇ ਸਨ। ਉਸਾਰੀ ਦੇ ਕੰਮਾਂ ਵਿੱਚ ਉਨ੍ਹਾਂ ਨੂੰ ਸ਼੍ਰੀ 108 ਸੰਤ ਗਰੀਬ ਦਾਸ ਜੀ ਨੇ ਨਿਪੁੰਨ ਕੀਤਾ ਹੋਇਆ ਸੀ ਕਿਉਂਕਿ ਉਸਾਰੀ ਦੇ ਅਨੇਕਾਂ ਕੰਮ ਜਿਵੇਂ ਹਸਪਤਾਲ, ਬੇਗਮਪੁਰਾ ਪੱਤ੍ਰਿਕਾ ਅਖ਼ਬਾਰ ਆਦਿ ਦਾ ਕੰਮ ਮਹਾਰਾਜ ਜੀ ਇਨ੍ਹਾਂ ਦੀ ਦੇਖ ਰੇਖ ਹੇਠ ਕਰਵਾਉਂਦੇ ਸਨ। ਉਨ੍ਹਾਂ ਦਿਨਾਂ ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਪੜ੍ਹਾਈ ਕਰਦੇ ਸਨ ਇਸ ਕਾਰਨ ਉਹਨਾਂ ਤੇ ਉਮਰ ਛੋਟੀ ਹੋਣ ਕਾਰਨ ਏਨਾਂ ਬੋਝ ਨਹੀਂ ਸੀ ਪਾਇਆ ਜਾਂਦਾ ਫਿਰ ਵੀ ਪੁਸਤਕਾਂ, ਲੇਖ ਲਿਖਣੇ, ਛਪਵਾਉਣੇ ਅਤੇ ਪੱਤ੍ਰਿਕਾਂ ਦਾ ਕੰਮ ਜਿਆਦਾ ਇਨ੍ਹਾਂ ਦੇ ਹੀ ਜਿੰਮੇਂ ਸੀ। ਇਥੇ ਇਹ ਵਰਨਣਯੋਗ ਹੈ ਕਿ ਦਾਸ ਦੀ 'ਸੱਚਖੰਡ ਬੱਲਾਂ ਦੀ ਇਤਿਹਾਸਕ ਗਾਥਾ' ਲਿਖਣ ਦੀ ਜਿੰਮੇਵਾਰੀ ਵੀ ਸੰਤ ਰਾਮਾਨੰਦ ਜੀ ਨੇ ਹੀ ਲਗਾਈ ਸੀ ਅਤੇ ਜੋ 13 .4.2000 ਨੂੰ ਉਹਨਾਂ ਵਲੋਂ ਭਾਰੀ ਗਿਣਤੀ ਵਿੱਚ ਮੌਜੂਦਾ ਸੰਗਤ ਦੀ ਹਾਜ਼ਰੀ ਵਿੱਚ ਸੰਗਤ ਅਰਪਣ ਕੀਤੀ ਸੀ।ਉਹਨਾਂ ਦੀਆਂ ਪਾਰਖੂ ਨਜ਼ਰਾਂ ਕਾਰਨ ਹੀ ਦਾਸ ਨੂੰ ਡੇਰੇ ਵਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਸੰਤ ਰਾਮਾ ਨੰਦ ਜੀ ਸ਼੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਪੰਜਾਬ ਦੇ ਚੇਅਰਮੈਨ ਸਨ ਅਤੇ ਦਾਸ ਉਸ ਸੰਸਥਾ ਦਾ ਕਨੂੰਨੀ ਸਲਾਹਕਾਰ ਰਿਹਾ ਹੈ। ਇਸ ਤਰ੍ਹਾਂ ਸਾਹਿਤਕ ਮਾਮਲਿਆ ਵਿੱਚ ਉਹਨਾਂ ਨਾਲ ਅਕਸਰ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ ਸੀ। ਦਾਸ ਦੀਆਂ ਬਹੁਤ ਸਾਰੀਆਂ ਰਚਨਾਵਾਂ ਦੀ ਪਰੂਫ ਰੀਡਿੰਗ ਸੰਤ ਰਾਮਾ ਨੰਦ ਜੀ ਨੇ ਖੁਦ ਕੀਤੀ ਹੋਈ ਹੈ ਜੋ ਦਾਸ ਨੇ ਅਜੇ ਤੱਕ ਸੰਭਾਲੀ ਹੋਈ ਹੈ।ਸੰਤ ਰਾਮਾ ਨੰਦ ਜੀ ਦੇ ਹੁਕਮਾਂ ਤੇ ਅਨੇਕਾਂ ਵਾਰ ਕਠਾਰ ਹਸਪਤਾਲ ਦੀ ਵਰ੍ਹੇਗੰਢ ਅਤੇ ਸੰਤ ਸੰਮੇਲਨਾਂ ਵਿੱਚ ਬਤੌਰ ਸਟੇਜ ਸਕੱਤਰ ਡਿਊਟੀ ਕਰਨ ਦਾ ਸੁਭਾਗ ਮਿਲਦਾ ਰਿਹਾ। ਦਾਸ ਦੁਬਾਰਾ ਲਿਖੀ ਹਰ ਰਚਨਾਂ ਨੂੰ ਡੇਰੇ ਤੋਂ ਛੱਪਣ ਵਾਲੇ ਸਾਹਿਤ ਵਿੱਚ ਯੋਗ ਸਥਾਨ ਮਿਲਦਾ ਸੀ। ਸੰਤਾਂ ਦਾ ਪਿਆਰ ਹਿਰਦੇ ਵਿੱਚੋਂ ਭੁਲਾਇਆ ਨਹੀਂ ਜਾ ਸਕਦਾ।

ਮੈਨੂੰ ਉਹ ਦਿਨ ਵੀ ਯਾਦ ਹਨ ਜਦੋਂ ਮਾਘੀ ਦੇ ਮੇਲੇ ਤੋਂ ਇੱਕ ਦਿਨ ਪਹਿਲਾਂ ਰਾਤ ਦੇ ਵਕਤ ਭਾਰੀ ਠੰਡ ਵਿੱਚ ਤਰੇਲ ਨਾਲ ਭਿੱਜੀ ਪਰਾਲੀ ਸਾਰੀ ਸਾਰੀ ਰਾਤ ਖੇਤਾਂ ਵਿੱਚ ਵਿਛਾਈ ਜਾਂਦੀ ਸੀ ਫਿਰ ਦਰੀਆਂ ਵਿਛਾ ਕੇ ਪੰਡਾਲ ਲਗਦੇ ਸਨ। ਸਾਰੀ ਰਾਤ ਹੀ ਸਟੇਜ ਸਜਾਉਣ ਅਤੇ ਦਰੀਆਂ,ਮੈਟ ਵਿਛਾਉਣ ਤੇ ਲੱਗ ਜਾਂਦੇ ਸਨ।ਇਹ ਸਾਰਾ ਕੰਮ ਸੰਤ ਰਾਮਾ ਨੰਦ ਜੀ ਆਪ ਕਰਦੇ ਸਨ ਅਤੇ ਸੇਵਾਦਾਰਾਂ ਪਾਸੋਂ ਕਰਵਾਉਂਦੇ।

ਉਨ੍ਹਾਂ ਦਿਨਾਂ ਵਿੱਚ ਸੇਵਾਦਾਰਾਂ ਦਾ ਕੋਈ ਰਜਿਸਟਰ ਨਹੀਂ ਸੀ ਅਤੇ ਨਾ ਹੀ ਕਿਸੇ ਦੀ ਵਿਸ਼ੇਸ਼ ਡਿਊਟੀ ਹੁੰਦੀ ਸੀ। ਸੰਗਤਾਂ ਖੁੱਦ ਹੀ ਕਈ ਦਿਨ ਪਹਿਲਾਂ ਸੇਵਾ ਵਿੱਚ ਜੁੱਟ ਜਾਂਦੀਆ ਸਨ। ਬੀਬੀਆਂ ਦਾਲਾਂ ਚੁੱਗਣ, ਦਾਣੇ ਸਵਾਰਨ,ਮਿਰਚਾ ਪੀਸਣ,ਮਸਾਲੇ ਆਦਿ ਕੁੱਟਣ ਦਾ ਕੰਮ ਕਰਦੀਆਂ ।ਭਾਈ ਬਾਲਣ ਪਾੜਣ,ਆਟਾ ਪੀਸਣ ,ਆਸ ਪਾਸ ਕੱਚੇ ਖੱਡੇ ਪੂਰਨ ਆਦਿ ਦਾ ਕੰਮ ਕਰਦੇ ਸਨ।

ਸੰਤ ਰਾਮਾ ਨੰਦ ਜੀ ਸੰਗਤਾਂ ਵਾਸਤੇ ਫਰੂਟ,ਮਿਠਾਈ ਸਪੈਸ਼ਲ ਤੌਰ ਤੇ ਆਪਣੇ ਕਰ ਕਮਲਾਂ ਨਾਲ ਵੰਡਦੇ। ਸੱਚ ਮੁੱਚ ਹੀ ਡੇਰੇ ਦਾ ਸ਼ਿੰਗਾਰ ਸਨ ਸ੍ਰੀ 108 ਸੰਤ ਰਾਮਾ ਨੰਦ ਜੀ ਇਹੋ ਹੀ ਕਾਰਨ ਹੈ ਉਨ੍ਹਾਂ ਦੇ ਸਰੀਰਕ ਰੂਪ ਵਿੱਚ ਜਾਣ ਪਿੱਛੋ ਹਰ ਬੱਚਾ, ਬੁੱਢਾ, ਮਰਦ, ਔਰਤ ਭੁੱਬਾਂ ਮਾਰ ਕੇ ਰੋਏ। ਰਵਿਦਾਸੀਆ ਸਮਾਜ ਵਲੋਂ 25 ਮਈ 2009 ਦਾ ਰੋਸ ਪ੍ਰਦਰਸ਼ਨ ਉਨ੍ਹਾਂ ਪ੍ਰਤੀ ਪਿਆਰ ਦਾ ਜਜ਼ਬਾ ਹੀ ਸੀ ਜਿਸ ਨਾਲ ਪੂਰਾ ਵਿਸ਼ਵ ਹਿਲਿਆ ਸੀ। ਦਾਸ ਭਾਵਕ ਹੁੰਦਾ ਜਾ ਰਿਹਾ ਹੈ ਜਿਸ ਕਰਕੇ ਕਲਮ ਬੰਦ ਹੀ ਨਹੀਂ ਕਰ ਰਿਹਾ ਬਲਕਿ ਆਪਣੀ ਕਲਮ ਤੋੜ ਰਿਹਾ ਹਾਂ।

# ਤੇਰੀਆਂ ਉਡੀਕਾਂ.............

– ਕਾਂਸ਼ੀ ਰਾਮ ਕਲੇਰ

ਤੇਰੀਆਂ ਉਡੀਕਾਂ ਨੇ ਤੇ ਰਾਤਾਂ ਵੀ ਨੇ ਲੰਮੀਆਂ
ਕੌਣ ਦਾਤਾ ਦੇਵੇ ਸਾਡੇ ਦਿਲਾਂ ਤਾਂਈ ਥੰਮੀਆਂ।

ਤੇਰੇ ਉਪਕਾਰਾਂ ਦਾ ਮੈਂ ਕਰਾਂ ਕੀ ਬਿਆਨ ਏ,
ਤੇਰੀਆਂ ਜੁਦਾਈਆਂ ਵਿੱਚੋਂ ਜਾਵੇ ਨਾ ਧਿਆਨ ਏ,
ਧੰਨ ਲੋਕ ਉਹ ਜਿਨ੍ਹਾਂ ਗੱਲਾਂ ਮੰਨੀਆਂ...
ਕੌਣ ਦਾਤਾ ਦੇਵੇ ਸਾਡੇ ਦਿਲਾਂ ਤਾਂਈ ਥੰਮੀਆਂ।

ਸਟੇਜਾਂ ਦਾ ਸ਼ਿੰਗਾਰ ਤੇ ਕੌਮ ਦੀ ਬਹਾਰ ਸੀ,
ਰਵਿਦਾਸੀਅ ਧਰਮ ਦੀ ਤੂੰ ਇੱਕ ਗੁਲਜਾਰ ਸੀ,
ਸੋਚਾਂ ਤੇਰੀਆਂ ਸੀ ਲੰਮ ਤੇ ਸਲੰਮੀਆਂ,
ਕੌਣ ਦਾਤਾ ਦੇਵੇ ਸਾਡੇ ਦਿਲਾਂ ਤਾਂਈ ਥੰਮੀਆਂ।

ਮਾਂ ਜੀਤੋ ਦਾ ਲਾਲ ਤੇ ਮਹਿੰਗਾ ਰਾਮ ਜੀ ਦਾ ਫਰਜੰਦ ਏ,
ਬੱਲਾਂ ਦੀ ਧਰਤੀ ਤੇ ਖਿੜਿਆ ਫੁੱਲ ਰਾਮਾ ਨੰਦ ਏ,
ਮਾਨਵ ਵਿਰੋਧੀਆ ਦੀਆਂ ਸੋਚਾਂ ਸਨ ਨਿਕੰਮੀਆਂ,
ਕੌਣ ਦਾਤਾ ਦੇਵੇ ਸਾਡੇ ਦਿਲਾਂ ਤਾਂਈ ਥੰਮੀਆਂ।

ਬੱਚਾ ਬੁੱਢਾ ਤੈਨੂੰ ਤੇਰੀ ਕੌਮ ਦਾ ਪੁਕਾਰਦਾ,
ਹੁੰਦਾ ਨਾ ਦੀਦਾਰ ਸਾਨੂੰ ਸਾਡੀ ਸਰਕਾਰ ਦਾ,
ਜੰਡੂ ਸਿੰਘੀਏ ਕਲੇਰ ਤੇਰੀ ਹਰ ਗੱਲ ਮੰਨੀ ਆਂ,
ਕੌਣ ਦਾਤਾ ਦੇਵੇ ਸਾਡੇ ਦਿਲਾਂ ਤਾਂਈ ਥੰਮੀਆਂ।

# ਕੌਮ ਨੂੰ ਜਗਾਉਣ ਵਾਸਤੇ.............

– ਕਾਂਸ਼ੀ ਰਾਮ ਕਲੇਰ

ਸੰਤ ਰਾਮਾ ਨੰਦ ਇਕ ਵਾਰ ਆਜਾ ਕੌਮ ਨੂੰ ਜਗਾਉਣ ਵਾਸਤੇ
ਸਾਡੇ ਸੁੱਤੇ ਹੋਏ ਭਾਗ ਜਗਾ ਜਾ
ਕੌਮ ਨੂੰ ਜਗਾਉਣ ਵਾਸਤੇ............

ਰੱਬਾ ਕਾਹਨੂੰ ਕੀਤਾ ਸਾਡੇ ਉੱਤੇ ਐਡਾ ਕਹਿਰ ਏ,
ਵੈਰੀ ਕਾਹਨੂੰ ਬਣਿਆ ਵਿਆਨਾ ਵਾਲਾ ਸ਼ਹਿਰ ਏਂ,
ਦਿਲ ਵਿੱਚ ਅਜੇ ਵੀ ਸੀ ਬਹੁਤ ਅਰਮਾਨ ਮੇਰੇ
ਬੇਗਮਪੁਰੇ ਵਾਲੀ ਗੱਲ ਕੋਈ ਸੁਣਾ ਜਾ
ਕੌਮ ਨੂੰ ਜਗਾਉਣ ਵਾਸਤੇ............

ਕਾਂਸ਼ੀ ਦੀ ਟਰੇਨ ਤੇਰੀ ਕਰਦੀ ਉਡੀਕ ਏ,
ਮਾਨਵ ਵਿਰੋਧੀ ਸਾਡੇ ਬਣ ਗਏ ਸ਼ਰੀਕ ਏ,
ਕੌਣ ਸਾਰ ਲਊ ਇਨ੍ਹਾਂ ਚਿਰਾਂ ਤੋਂ ਗੁਲ਼ਾਮਾਂ ਵਾਲੀ
ਇਨਾਂ ਪਾਪੀਆਂ ਤੋਂ ਮੁਕਤ ਕਰਾ ਜਾ,
ਕੌਮ ਨੂੰ ਜਗਾਉਣ ਵਾਸਤੇ.......

ਕਿਧਰੇ ਸਕੂਲ ਖੋਲ੍ਹੇ,ਕਿਤੇ ਲਾਇਬਰੇਰੀਆਂ,
ਸਾਰੇ ਹੀ ਜਹਾਨ ਵਿੱਚ ਹੋਣ ਗੱਲਾਂ ਤੇਰੀਆਂ,
ਮਾਨਸਿਕ ਗੁਲਾਮੀ ਦੀਆ ਤੋੜਦੇ ਜੰਜ਼ੀਰਾਂ ਤਾਂਈ
ਪੂਰਾ ਮੰਦਿਰ ਤੂੰ ਸੋਨੇ ਚ ਮੜ੍ਹਾ ਜਾ
ਕੌਮ ਨੂੰ ਜਗਾਉਣ ਵਾਸਤੇ...........

ਬੱਚਾ ਬੁੱਢਾ ਕਹੇ ਰਵਿਦਾਸੀਆ  ਸਮਾਜ ਦਾ,
ਇੰਗਲੈਂਡ ਤੇ ਕੈਨੇਡਾ ਵਿੱਚ ਜਾਂਦੇ ਹੋਵੇ ਜਹਾਜ਼ ਦਾ,
ਸਾਰੇ ਪਾਸੇ ਹੁੰਦੀਆਂ ਉਡੀਕਾਂ ਅੱਜ ਤੇਰੀਆਂ ਨੇ
ਕਲੇਰ ਜੰਡੂ ਸਿੰਘੀਏ ਨੂੰ ਦਰਸ ਸਿਖਾ ਜਾ
ਕੌਮ ਨੂੰ ਜਗਾਉਣ ਵਾਸਤੇ............

## ਲੇਖਕ ਦੀਆਂ ਪ੍ਰਕਾਸ਼ਤ ਪੁਸਤਕਾਂ

1. ਭਗਤੀ ਸੰਦੇਸ਼
2. ਡੇਰਾ ਸੱਚ ਖੰਡ ਬੱਲਾਂ ਦਾ ਇਤਿਹਾਸ
3. ਰਵਿਦਾਸੀਆ ਧਰਮ ਦਾ ਅਨਮੋਲ ਹੀਰਾ
   ਸ਼੍ਰੀ108 ਸੰਤ ਸੁਰਿੰਦਰ ਦਾਸ ਬਾਵਾ ਜੀ(ਦੋ ਐਡੀਸ਼ਨ)

## ਲੇਖਕ ਦੀਆਂ ਅਣ ਛਪੀਆਂ ਪੁਸਤਕਾਂ ਦੀ ਸੂਚੀ

1. ਖੋਜ ਅਤੇ ਉਸਾਰੀ ਜਨਮ ਅਸਥਾਨ ਸ਼੍ਰੀ ਗੁਰੂ ਰਵਿਦਾਸ ਜੀ
2. ਪਿੰਡ ਜੰਡੂ ਸਿੰਘਾ ਦੀ ਇਤਿਹਾਸਕ ਤੇ ਮਿਥਿਹਾਸਕ ਗਾਥਾ

3 ਰਵਿਦਾਸੀਆ ਧਰਮ

## ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਪ੍ਰਕਾਸ਼ਿਤ ਪੁਸਤਕ ਸੂਚੀ

### Books Published in English

**1.** Amritbani Jagatguru Ravidass Maharaj ji (Steek)

### Books Published in Dutch

**1.** Amritbani Jagatguru Ravidass Maharaj ji (Steek) dutch

### Books Published in Hindi

1. Jagatguru Ravidass Amritbani (Steek ate Sankshipt jeevan )
2. Nitnem Amritbani Jagatguru Ravidass ji(Steek)
3. Jagatguru Ravidass Maharaj ji ka Sankshipt jeevan
4. Jagatguru Ravidass Maharaj ji ki kathaen
5. Amritbani Jagatguru Ravidass Maharaj ji (Steek)

### Books Published in Marathi

1. Jagatguru Ravidass Amritbani (Steek ate Sankshipt jeevan )
2. Jagatguru Ravidass Maharaj ji ki kathaen

### ਪੰਜਾਬੀ ਵਿੱਚ ਪ੍ਰਕਾਸ਼ਿਤ ਪੁਸਤਕ

1. **ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (40 ਸ਼ਬਦ ਸਟੀਕ)**
2. **ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (ਸੰਪੂਰਨ ਸਟੀਕ)**
3. **ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ (ਸਟੀਕ ਅਤੇ ਸੰਖੇਪ ਜੀਵਨ)**
4. **ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)**
5. **ਸੁਖਸਾਗਰ ਸਟੀਕ**
6. **ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ**
7. **ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ ( ਜੀਵਨ ਸਾਖੀ )**
8. **ਗੁਰੂ ਰਵਿਦਾਸ ਮਿਲੇ ਮੋਹਿ ਪੂਰੇ (ਸੰਤ ਮੀਰਾਂ ਬਾਈ ਜੀ )**

### ਅੰਤਰਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) ਵੱਲੋਂ ਪ੍ਰਕਾਸ਼ਿਤ ਪੁਸਤਕ

1. **ਚਮਾਰ ਜਾਤੀ ਇਤਿਹਾਸ ਧਰਮ ਤੇ ਸੱਭਿਆਚਾਰ :- ਰਾਜੇਸ਼ ਕੈਂਥ ਭਬਿਆਣਵੀ**

### ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਲੋਂ ਪ੍ਰਕਾਸ਼ਿਤ ਪੁਸਤਕ

1. **ਰਵਿਦਾਸੀਆ ਧਰਮ ਦਾ ਅਨਮੋਲ ਹੀਰਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ:- ਕਾਂਸ਼ੀ ਰਾਮ ਕਲੇਰ**

# ਯਾਦਾਂ ਅਮਰ ਸ਼ਹੀਦ ਸੰਤ ਰਾਮਾਨੰਦ ਜੀ







ਸੰਤ ਰਾਮਾਨੰਦ ਦੀ ਮ੍ਰਿਤਕ ਦੇਹ ਨੂੰ (ਇਨਸੈੱਟ ਵਿਚ) ਅਗਨੀ ਦਿੰਦੇ ਸੰਤ ਸੁਰਿੰਦਰ ਦਾਸ ਬਾਵਾ ਤੇ ਡੇਰਾ ਬੱਲ
ਵਿਚ ਇਕੱਠੇ ਹੋਏ ਸ਼ਰਧਾਲੂ।





ਸ਼ਹੀਦ ਰਜਿੰਦਰ ਕੁਮਾਰ



ਸ਼ਹੀਦ ਬਲਕਾਰ ਸਿੰਘ






ਸ਼ਹੀਦ ਤੇਲੂ ਰਾਮ



ਸ਼ਹੀਦ ਵਿਜੇ ਕੁਮਾਰ









30 ਜਨਵਰੀ 2010 ਈ. ਨੂੰ ਸ਼੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ ਸੀਰ ਗੋਵਰਧਨਪੁਰ ਬਨਾਰਸ ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ 'ਰਵਿਦਾਸੀਆ ਧਰਮ' ਦਾ ਐਲਾਨ ਕਰਦੇ ਹੋਏ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ।







# Ravidassia Dharam Parchar Asthan

**Vill. Kahanpur, P.O. Raipur Rasulpur**
**Distt. Jalandhar**

**Website: www.ravidassiadharam.org**
**Email : ravidassiadharam@gmail.com**